# FARM AND SPICE

Open 7 Days a Week
8.30 am to 9.00 pm

## SPECIAL OFFERS: 23-29 DEC

Daily Specials on

Merry Christmas
And Happy New Year

ਐਂਬ੍ਰੋਸੀਆ ਸੇਬ
Ambrosia BC Apple
99¢ /lb

ਸੰਤਰਾ ਨਿੱਕਾ/ਵੱਡਾ
Orange Small/Large
$1.29 /lb

ਲਸਣ
Garlic 3's
49¢ each

ਆਵੋਕਾਡੋ
Avocado
79¢ each

ਗਾਲਾ ਸੇਬ
Gala BC Apple
$1.29 /lb

ਗਾਜਰ
Carrot Snaptop
99¢ /lb

ਕਾਲੇ ਅੰਗੂਰ
Black Grapes
$1.99 /lb

ਜੰਬੋ ਬੈਂਗਣ
Eggplant Jumbo
$1.49 each

ਇੰਡੀਅਨ ਬੈਂਗਣ
Eggplant Indian
$1.99 /lb

ਅੱਦਰਕ
Ginger
$1.79 /lb

ਘੀਆ
Oppo Long
$1.49 /lb

ਅਨਾਰ
Pomegranate
$2.49 each

ਕਰੇਲਾ
Karela
$1.99 /lb

ਬੀਨਜ਼
Beans
$1.99 /lb

ਏ-ਪਲਸ ਸੋਯਾ
Aplus
Soya Chunks/ Mini Chunks
200g
$1.99 each

ਅਸ਼ੋਕਾ ਸਾਗ
Ashoka
Saron Ka Saag
850g
$2.99 each

ਕਾਸਾਬਲੈਂਕਾ ਕੁੱਕੀਜ਼
Casablanca
Almond/mango/Cashew Cookies
340g
$3.99 each

ਬਦਾਮ
Almonds
Supreme Quality
$4.49 /lb

ਬਿਕਾਨੋ ਸੂਜੀ ਰੱਸ
Bikano
Suji Rusk
$4.49 each

ਬੀ ਸੀ ਮਿਕਸ ਨਮਕੀਨ
BC Asst. Snacks
320g
$2.99 each

ਬੀ ਸੀ ਮਿਕਸ ਸਵੀਟਸ
BC Asst. Sweets
boondi ladoo, besan ladoo, mathura peda
400g
$5.99 each

ਆਸ਼ਾ ਪੇਸੀ ਗੁੜ
Asha Pesi Gur
1kg
$3.99 each

ਟਾਟਾ ਚਾਹ
Tata
Tea Premium
220 bags
$8.99 each

ਏ ਪੱਲਸ ਚਾਵਲ
A+Plus
Everyday Basmati Rice
5kg
$11.99 each

ਏ+ਪਲਸ ਤੇਲ
A+Plus
Mustard Oil
2ltr
$10.99 each

ਏ+ਪਲਸ ਤੇਲ
A+Plus
Mustard Oil
5ltr
$26.99 each

## LOHRI

ਗੁਰੂ ਜੀ ਗੱਚਕ
Guru Ji
Peanut Gachak
400g
$2.99 each

ਗੁਰੂ ਜੀ ਰੇਵੜੀ
Guru Ji
Reweri Gur/Sugar
800g
$4.99 each

ਵੇਰਕਾ ਮੂੰਗਫਲੀ
Verka
Peanuts
908g
$5.99 each

ITEMS AVAILABLE

# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323

Curbside pick up available

*while supply last

# ਕੈਨੇਡਾ ਦੇ ਸਟੱਡੀ ਪਰਮਿਟ ਦੀਆਂ 6,70,000 ਅਰਜ਼ੀਆਂ ਦਾ ਨਿਪਟਾਰਾ

ਟੋਰਾਂਟੋ, (ਸਤਪਾਲ ਸਿੰਘ ਜੌਹਲ)-ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਦੱਸਿਆ ਹੈ ਕਿ ਬੀਤੇ ਕੁਝ ਮਹੀਨਿਆਂ ਦੂਰਾਨ ਰਿਕਾਰਡ ਤੋੜ (ਵੱਖ-ਵੱਖ ਕੈਟੇਗਰੀਆਂ ‘ਚ ਤਕਰੀਬਨ 48 ਲੱਖ) ਅਰਜ਼ੀਆਂ ਦਾ ਨਿਪਟਾਰਾ ਕੀਤਾ ਗਿਆ ਹੈ ਜਿਸ ਨਾ.ਲ ਮੰਤਰਾਲੇ ਕੋ.ਲ ਪੁੱਜੀਆਂ ਹੋਈਆਂ ਅਰਜ਼ੀਆਂ ਦਾ ਬੈਕਲਾਗ ਘੱਟ ਕਰਨ ਵਿਚ ਮਦਦ ਮਿਲੀ ਹੈ। 2022 ਦੌਰਾਨ 30 ਨਵੰਬਰ ਤੱਕ ਸਟੱਡੀ ਪਰਮਿਟ ਦੀਆਂ ਲਗਪਗ 670000 ਅਰਜ਼ੀਆਂ ਨਿਪਟਾਈਆਂ ਗਈਆਂ ਹਨ ਜਦਕਿ ਬੀਤੇ ਸਾਲ ਇਸੇ ਸਮੇਂ ਦੌਰਾਨ 5 ਲੱਖ ਅਰਜ਼ੀਆਂ ਦਾ ਅੰਤਿਮ ਫੈਸਲਾ ਕੀਤਾ ਗਿਆ ਸੀ। ਇਹ ਵੀ ਕਿ ਵੱਡੀ ਗਿਣਤੀ ਵਿਚ ਸਟੱਡੀ ਪਰਮਿਟ ਦੀ ਨਵੀਂ ਅਰਜ਼ੀ ਦਾ ਨਿਪਟਾਰਾ ਦੋ ਮਹੀਨਿਆਂ ਅੰਦਰ ਕਰ ਦਿੱਤਾ ਜਾਂਦਾ ਹੈ। ਮੰਤਰੀ ਫਰੇਜ਼ਰ ਨੇ ਆਖਿਆ ਹੈ ਕਿ ਇਸ ਸਾਲ ਦੌਰਾਨ ਵਿਦੇਸ਼ੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕਰਨ ਦਾ ਇਕ ਨਵਾਂ ਰਿਕਾਰਡ ਸਥਾਪਿਤ ਹੋਵੇਗਾ। 30 ਨਵੰਬਰ ਤੱਕ ਹੀ 700000 ਦੇ ਕਰੀਬ ਵਿਦੇਸ਼ੀ ਕਾਮਿਆਂ ਦੀਆਂ ਵਰਕ ਪਰਮਿਟ ਅਰਜ਼ੀਆਂ ਦਾ ਫੈਸਲਾ ਵੀ ਕੀਤਾ ਜਾ ਚੁੱਕਿਆ ਹੈ ਜੋ ਕਿ ਬੀਤੇ ਤਿੰਨ ਸਾਲਾਂ ਦੌਰਾਨ ਲਗਪਗ ਤਿੰਨ ਗੁਣਾ ਵੱਧ ਹੈ¢ ਕੈਨੇਡਾ ਵਿਚ ਇਸ ਸਮੇਂ 6,40,000 ਤੋਂ ਵੱਧ ਵਿਦੇਸ਼ੀ ਵਿਦਿਆਰਥੀ ਹਨ ਜਿਨ੍ਹਾਂ ਨੂੰ ਵਰਕ ਪਰਮਿਟ ਮਿਲੇ ਹੋਏ ਹਨ। ਇਸੇ ਦੂਰਾਨ ਕੈਨੇਡਾ ਦੇ ਸੈਲਾਨੀ ਵੀਜ਼ਾ ਦੀਆਂ ਅਰਜ਼ੀਆਂ ਦੇ ਨਿਪਟਾਰੇ ਵਿਚ ਵੀ ਤੇਜ਼ੀ ਆਈ ਹੋਈ ਹੈ ਜਿਸ ਤਹਿਤ ਨਵੰਬਰ ਮਹੀਨੇ ਦੇ 30 ਦਿਨਾਂ ਦੌਰਾਨ ਹੀ 260000 ਵੱਧ ਅਰਜ਼ੀਆਂ ਦਾ ਫ਼ੈਸਲਾ ਕੀਤਾ ਗਿਆ। ਮੰਤਰੀ ਫਰੇਜ਼ਰ ਨੇ ਆਖਿਆ ਕਿ 2022 ਦੌਰਾਨ 4,31,000 ਨਵੇਂ ਪ੍ਰਵਾਸੀਆਂ ਨੂੰ ਦੇਸ਼ ਵਿੱਚ ਪੱਕੇ ਤੌਰ ‘ਤੇ ਵਸਣ ਦਾ ਟੀਚਾ ਵੀ 31 ਦਸੰਬਰ ਤੱਕ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਆਖਿਆ ਕਿ ਐਕਸਪ੍ਰੈਸ ਐਂਟਰੀ ਦੇ ਡਰਾਅ ਤੋਂ ਬਾਅਦ ਪੱਕੇ ਵੀਜ਼ੇ ਦੀ ਅਰਜ਼ੀ ਦਾ ਨਿਪਟਾਰਾ ਛੇ ਕੁ ਮਹੀਨਿਆਂ ਵਿਚ ਅਤੇ ਵਿਆਹ ਦੇ ਕੇਸਾਂ ਦਾ ਨਿਪਟਾਰਾ ਇਕ ਸਾਲ ਦੇ ਸਮੇਂ ਦੌਰਾਨ ਕੀਤਾ ਜਾ ਰਿਹਾ ਹੈ। ਬੀਤੇ ਸੱਤ ਕੁ ਮਹੀਨਿਆਂ ਦੂਰਾਨ ਕਰੀਬ 2,51,000 ਵਿਦੇਸ਼ੀ ਨਾਗਰਿਕਾਂ ਵਲੋਂ ਕੈਨੇਡਾ ਦੀ ਨਾਗਰਿਕਤਾ ਵੀ ਪ੍ਰਾਪਤ ਕੀਤੀ ਗਈ ਹੈ ਅਤੇ ਨਾਗਰਿਕਤਾ ਦੀ ਨਵੀਂ ਅਰਜ਼ੀ ਦਾ ਨਿਪਟਾਰਾ ਕਰਨ ਨੂੰ ਲਗਪਗ ਦੋ ਸਾਲ ਲੱਗ ਰਹੇ ਹਨ¢ ਮੰਤਰੀ ਫਰੇਜ਼ਰ ਨੇ ਆਖਿਆ ਕਿ ਅਰਜੀਆਂ ਜਮ੍ਹਾਂ ਕਰਵਾਉਣ ਦਾ ਸਿਸਟਮ ਆਨਲਾਈਨ ਕਰਨ ਅਤੇ ਮੰਤਰਾਲੇ ਵਲੋਂ ਨਵਾਂ ਸਟਾਫ ਭਰਤੀ ਕੀਤੇ ਜਾਣ ਤੋਂ ਬਾਅਦ ਅਰਜੀਆਂ ਦਾ ਨਿਪਟਾਰਾ ਜਲਦੀ ਕੀਤਾ ਜਾ ਸਕਿਆ ਹੈ। ਮਿਲੀ ਜਾਣਕਾਰੀ ਅਨੁਸਾਰ ਅਜੇ ਵੀ ਕੈਨੇਡਾ ਇਮੀਗ੍ਰੇਸ਼ਨ ਮੰਤਰਾਲੇ ਕੋ.ਲ ਲੱਗਭੱਗ 22 ਲੱਖ ਅਰਜੀਆਂ ਪਈਆਂ ਹਨ ਜਿਨ੍ਹਾਂ ਦਾ ਫੈਸਲਾ ਅਗਲੇ ਮਹੀਨਿਆਂ ਦੌਰਾਨ ਕੀਤਾ ਜਾਵੇਗਾ।

# ਨਿੱਜੀ ਹੱਥਾਂ ‘ਚ ਜਾਵੇਗਾ ਅੰਮ੍ਰਿਤਸਰ ਹਵਾਈ ਅੱਡਾ

ਨਵੀਂ ਦਿੱਲੀ:ਹਵਾਈ ਅੱਡਿਆਂ ਦੇ ਨਿੱਜੀਕਰਨ ਲਈ ਸਰਕਾਰ ਵਲੋਂ ਅਗਲੇ ਗੇੜ ‘ਚ ਪ੍ਰਾਈਵੇਟ ਕੰਪਨੀਆਂ ਦੇ ਸਪੁਰਦ ਕਰਨ ਲਈ ਚੁਣੇ ਗਏ ਹਵਾਈ ਅੱਡਿਆਂ ‘ਚ ਅੰਮ੍ਰਿਤਸਰ ਹਵਾਈ ਅੱਡਾ ਵੀ ਸ਼ਾਮਿਲ ਹੈ। ਇਹ ਜਾਣਕਾਰੀ ਸਿਵਲ ਹਵਾਬਾਜ਼ੀ ਬਾਰੇ ਰਾਜ ਮੰਤਰੀ ਵੀ. ਕੇ. ਸਿੰਘ ਨੇ ਰਾਜ ਸਭਾ ‘ਚ ਪੁੱਛੇ ਗਏ ਇਕ ਸਵਾਲ ਦੇ ਲਿਖਤੀ ਜਵਾਬ ‘ਚ ਦਿੱਤੀ। ਵੀ. ਕੇ. ਸਿੰਘ ਵਲੋਂ ਦਿੱਤੇ ਜਵਾਬ ਮੁਤਾਬਿਕ ਭਾਰਤੀ ਏਅਰਪੋਰਟ ਅਥਾਰਿਟੀ ਦੇ ਸਾਲ 2022 ਤੋਂ 2023 ਦੌਰਾਨ ਠੇਕੇ ‘ਤੇ ਦਿੱਤੇ ਜਾਣ ਲਈ 25 ਹਵਾਈ ਅੱਡੇ ਚੁਣੇ ਗਏ ਹਨ। ਇਸ ਸੂਚੀ ‘ਚ ਅੰਮ੍ਰਿਤਸਰ ਤੋਂ ਇਲਾਵਾ ਭੁਵਨੇਸ਼ਵਰ, ਵਾਰਾਨਸੀ, ਟਰਾਈਸੀ, ਰਾਏਪੁਰ, ਇੰਦੌਰ, ਕੇਲੀਕਟ, ਕੋਇੰਬਟੂਰ, ਨਾਗਪੁਰ, ਪਟਨਾ, ਮਦੁਰਈ, ਸੂਰਤ, ਰਾਂਚੀ, ਜੋਧਪੁਰ, ਚੇਨਈ, ਵਿਜੇਵਾੜਾ, ਵਡੋਦਰਾ, ਭੁਪਾਲ, ਤ੍ਰਿਪਤੀ, ਹੁਬਲੀ, ਇੰਫਾਲ, ਅਗਰਤਲਾ, ਉਦੇਪੁਰ, ਦੇਹਰਾਦੂਨ ਅਤੇ ਰਾਜਾਹਮੁੰਡਰੀ ਸ਼ਾਮਿਲ ਹਨ। ਇਨ੍ਹਾਂ ਹਵਾਈ ਅੱਡਿਆਂ ਦੇ ਪ੍ਰਬੰਧਨ ਅਤੇ ਸੰਚਾਲਨ ਦਾ ਜ਼ਿੰਮਾ ਨਿੱਜੀ ਕੰਪਨੀਆਂ ਨੂੰ ਦਿੱਤਾ ਜਾਏਗਾ। ਅਥਾਰਿਟੀ ਵਲੋਂ ਹਾਲੇ ਤੱਕ 8 ਹਵਾਈ ਅੱਡਿਆਂ ਨੂੰ ਪਬਲਿਕ, ਪ੍ਰਾਈਵੇਟ ਭਾਈਵਾਲੀ ਤਹਿਤ ਪ੍ਰਬੰਧਨ ਅਤੇ ਸੰਚਾਲਨ ਲਈ ਨਿੱਜੀ ਕੰਪਨੀਆਂ ਨੂੰ ਦਿੱਤਾ ਗਿਆ ਹੈ। ਇਸ ‘ਚ ਦਿੱਲੀ ਅਤੇ ਮੁੰਬਈ ਹਵਾਈ ਅੱਡਾ ਸ਼ਾਮਿਲ ਹੈ। ਸਰਕਾਰ ਦੀ ਨੀਤੀ ਨੂੰ ਉਚਿਤ ਠਹਿਰਾਉਂਦਿਆਂ ਮੰਤਰੀ ਨੇ ਕਿਹਾ ਕਿ ਠੇਕੇ ‘ਤੇ ਦਿੱਤੇ ਹਵਾਈ ਅੱਡੇ ਤੋਂ ਆਈ ਆਮਦਨ ਅਥਾਰਿਟੀ ਦੇਸ਼ ਭਰ ‘ਚ ਹਵਾਈ ਅੱਡਿਆਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ‘ਚ ਲਗਾਏਗੀ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



Charlesworth insurance services ltd.

Servicing the following insurance needs:

- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

ICBC autoplan

"For Fast, Friendly and Reliable Service!"



Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



www.accuraterailing.com

AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਬੰਦੀ ਸਿੰਘਾਂ ਦੀ ਰਿਹਾਈ ਲਈ 7 ਜਨਵਰੀ ਤੋਂ ਚੰਡੀਗੜ੍ਹ ਵਿਖੇ ਲਗਾਇਆ ਜਾਵੇਗਾ ਪੱਕਾ ਮੋਰਚਾ

ਅੰਮ੍ਰਿਤਸਰ:ਜਗਤਾਰ ਸਿੰਘ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਬੁੜੈਲ ਜੇਲ੍ਹ ਭੇਜਣ ਨੂੰ ਲੈ ਕੇ ਲਗਾਤਾਰ ਮੀਡੀਆ ਵਿਚ ਖ਼ਬਰਾਂ ਚੱਲ ਰਹੀਆਂ ਹਨ ਤੇ ਇਸ ਨੂੰ ਲੈ ਕੇ ਅੱਜ ਜਗਤਾਰ ਸਿੰਘ ਹਵਾਰਾ ਦੇ ਪਿਤਾ ਗੁਰਚਰਨ ਸਿੰਘ ਨੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਤੇ ਸੋਹਾਣਾ ਦੇ ਵਿਚ ਹਵਾਰਾ 'ਤੇ ਦੋ ਕੇਸ ਚੱਲ ਰਹੇ ਹਨ, ਉਹਨਾਂ ਕੇਸਾਂ ਨੂੰ ਲੈ ਕੇ ਹੀ ਉਸ ਨੂੰ ਬੁੜੈਲ ਜੇਲ੍ਹ ਵਿਚ ਸ਼ਿਫਟ ਕਰਨ ਦੀ ਗੱਲ ਆਖੀ ਜਾ ਰਹੀ ਹੈ ਪਰ ਪੰਜਾਬ ਸਰਕਾਰ ਨੇ ਸੁਰੱਖਿਆ ਪੂਰੀ ਨਾ ਹੋਣ ਦਾ ਹਵਾਲਾ ਦੇ ਕੇ ਉਸ ਨੂੰ ਸ਼ਿਫਟ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸ ਮੌਕੇ ਗੁਰਚਰਨ ਸਿੰਘ ਨੇ ਕਿਹਾ ਕਿ ਇਹ ਸ਼ਰੇਆਮ ਧੱਕਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਸਾਲ 2015 ਅੰਦਰ ਹੀ ਜਗਤਾਰ ਸਿੰਘ ਹਵਾਰਾ 'ਤੇ ਦੋ ਕੇਸ ਖ਼ਤਮ ਹੋ ਚੁੱਕੇ ਹਨ ਪਰ ਇਸ ਦੇ ਬਾਵਜੂਦ ਗ਼ੈਰ ਕਾਨੂੰਨੀ ਢੰਗ ਨਾਲ ਉਨ੍ਹਾਂ ਨੂੰ ਦਿੱਲੀ ਤਿਹਾੜ ਜੇਲ੍ਹ 'ਚ ਰੱਖਿਆ ਗਿਆ ਹੈ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਅਸੀਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਇੱਕ ਪੱਕਾ ਇਨਸਾਫ਼ ਮੋਰਚਾ 7 ਜਨਵਰੀ 2023 ਤੋਂ ਸ਼ੁਰੂ ਕਰਨ ਜਾ ਰਹੇ ਹਾਂ ਜਿਸ ਨੂੰ ਲੈ ਕੇ ਸਿੱਖ ਸੰਗਤ ਵਿਚ ਕਾਫ਼ੀ ਹੁੰਗਾਰਾ ਹੈ। ਉਨ੍ਹਾਂ ਕਿਹਾ ਕਿ 19 ਦਸੰਬਰ ਨੂੰ ਪੰਜਾਬ ਦਿੱਲੀ ਅਤੇ ਹਰਿਆਣਾ ਦੇ ਸਿੱਖ ਆਗੂਆਂ ਅਤੇ ਹੋਰ ਜਥੇਬੰਦੀਆਂ ਵੱਲੋਂ ਇਕ ਸਾਂਝੀ ਮੀਟਿੰਗ ਗੁਰਦੁਆਰਾ ਰੇਰੂ ਸਾਹਿਬ ਸਾਨੇਵਾਲ ਲੁਧਿਆਣਾ ਵਿਚ ਹੋਵੇਗੀ ਜਿਸ ਤੋਂ ਬਾਅਦ ਚੰਡੀਗੜ੍ਹ ਵਿਖੇ ਪੱਕਾ ਇਨਸਾਫ਼ ਮੋਰਚਾ ਲਗਾਇਆ ਜਾਵੇਗਾ।

ਉਥੇ ਦੂਜੇ ਪਾਸੇ ਰਵਨੀਤ ਬਿੱਟੂ ਵੱਲੋਂ ਲਗਾਤਾਰ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਚੁੱਕੇ ਜਾ ਰਹੇ ਸਵਾਲਾਂ ਨੂੰ ਲੈ ਕੇ ਗੁਰਚਰਨ ਸਿੰਘ ਹਵਾਰਾ ਨੇ ਕਿਹਾ ਕਿ ਉਨ੍ਹਾਂ ਦੇ ਦਾਦੇ ਦਾ ਸਮਾਂ ਹੁਣ ਲੰਘ ਚੁੱਕਾ ਹੈ। ਉਨ੍ਹਾਂ ਕਿਹਾ ਕਿ ਉਹਨਾਂ ਦਿਨਾਂ ਦੇ ਵਿਚਕਾਰ ਸਿੱਖ ਨੌਜਵਾਨਾਂ ਨਾਲ ਕਿੰਨਾ ਧੱਕਾ ਹੋਇਆ ਹੈ ਇਸ ਬਾਰੇ ਵੀ ਰਵਨੀਤ ਬਿੱਟੂ ਨੂੰ ਪਤਾ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਉਹ ਆਪਣੀ ਸਰਾਫ਼ਤ ਸਿਆਸਤ ਚਮਕਾਉਣ ਲਈ ਇਹ ਸਭ ਕਰ ਰਹੇ ਹਨ।



# ਨੇਪਾਲ ਨੇ ਰਾਮਦੇਵ ਦੀ ਦਿਵਿਆ ਫ਼ਾਰਮੇਸੀ ਸਮੇਤ 16 ਭਾਰਤੀ ਦਵਾਈ ਕੰਪਨੀਆਂ ਕੀਤੀਆਂ 'ਬਲੈਕ ਲਿਸਟ'



ਕਾਠਮਾਂਡੂ - ਨੇਪਾਲ ਦੀ ਡਰੱਗ ਰੈਗੂਲੇਟਰੀ ਅਥਾਰਟੀ ਨੇ ਪਤੰਜਲੀ ਵਾਲੇ ਰਾਮਦੇਵ ਦੇ ਪਤੰਜਲੀ ਉਤਪਾਦਾਂ ਦੀ ਨਿਰਮਾਤਾ ਦਿਵਿਆ ਫ਼ਾਰਮੇਸੀ ਸਮੇਤ 16 ਭਾਰਤੀ ਫ਼ਾਰਮਾਸਿਊਟੀਕਲ ਕੰਪਨੀਆਂ ਨੂੰ ਇਹ ਕਹਿੰਦਿਆਂ ਬਲੈਕਲਿਸਟ ਕਰ ਦਿੱਤਾ ਹੈ ਕਿ ਉਹ ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਦੇ ਡਰੱਗ ਮਾਪਦੰਡਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹੀਆਂ ਹਨ। ਡਰੱਗ ਪ੍ਰਸ਼ਾਸਨ ਵਿਭਾਗ ਨੇ 18 ਦਸੰਬਰ ਨੂੰ ਜਾਰੀ ਇੱਕ ਨੋਟਿਸ ਵਿੱਚ ਨੇਪਾਲ ਨੂੰ ਇਨ੍ਹਾਂ ਦਵਾਈਆਂ ਦੀ ਸਪਲਾਈ ਕਰਨ ਵਾਲੇ ਸਥਾਨਕ ਏਜੈਂਟ ਨੂੰ ਤੁਰੰਤ ਉਤਪਾਦ ਵਾਪਸ ਲੈਣ ਲਈ ਕਿਹਾ ਹੈ। ਵਿਭਾਗ ਵੱਲੋਂ ਜਾਰੀ ਨੋਟਿਸ ਅਨੁਸਾਰ ਸੂਚੀਬੱਧ ਕੰਪਨੀਆਂ ਦੁਆਰਾ ਨਿਰਮਿਤ ਦਵਾਈਆਂ ਨੂੰ ਨੇਪਾਲ ਵਿੱਚ ਆਯਾਤ ਜਾਂ ਸਪਲਾਈ ਨਹੀਂ ਕੀਤਾ ਜਾ ਸਕਦਾ। ਵਿਭਾਗ ਦੇ ਅਧਿਕਾਰੀਆਂ ਅਨੁਸਾਰ, ਡਬਲਯੂ.ਐਚ.ਓ. ਦੇ ਮਾਪਦੰਡਾਂ ਦੀ ਪਾਲਣਾ ਨਾ ਕਰਨ ਵਾਲੀਆਂ ਕੰਪਨੀਆਂ ਦੀ ਸੂਚੀ ਫ਼ਾਰਮਾਸਿਊਟੀਕਲ ਕੰਪਨੀਆਂ ਦੀਆਂ ਨਿਰਮਾਣ ਸਹੂਲਤਾਂ ਦੇ ਨਿਰੀਖਣ ਤੋਂ ਬਾਅਦ ਪ੍ਰਕਾਸ਼ਤ ਕੀਤੀ ਗਈ ਸੀ, ਜਿਨ੍ਹਾਂ ਨੇ ਆਪਣੇ ਉਤਪਾਦਾਂ ਨੂੰ ਨੇਪਾਲ 'ਚ ਨਿਰਯਾਤ ਕਰਨ ਲਈ ਅਰਜ਼ੀ ਦਿੱਤੀ ਸੀ।

# ਚੀਨ ਦੇ ਮਸਲੇ 'ਤੇ ਰਾਘਵ ਚੱਢਾ ਨੇ ਘੇਰੀ ਮੋਦੀ ਸਰਕਾਰ

ਚੰਡੀਗੜ੍ਹ:ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਚੀਨ ਦੇ ਮਸਲੇ ਨੂੰ ਲੈ ਕੇ ਸੰਸਦ ਵਿੱਚ ਭਾਜਪਾ ਸਰਕਾਰ ਨੂੰ ਘੇਰਿਆ।

ਉਨ੍ਹਾਂ ਵੱਲੋਂ ਚੀਨੀ ਫੌਜ ਵੱਲੋਂ ਭਾਰਤੀ ਸਰਹੱਦ 'ਤੇ ਕੀਤੀ ਜਾਂਦੀ ਲਗਾਤਾਰ ਘੁਸਪੈਠ ਤੋਂ ਲੈ ਕੇ ਏਮਜ਼ 'ਚੋਂ ਹੋਈ ਡਾਟਾ ਚੋਰੀ ਦਾ ਮੁੱਦਾ ਰਾਜ ਸਭਾ ਵਿੱਚ ਉਠਾਇਆ।

ਚੱਢਾ ਨੇ ਮੰਗਲਵਾਰ ਸੰਸਦ ਵਿੱਚ ਕਿਹਾ ਕਿ ਕੁਝ ਹੀ ਦਿਨ ਪਹਿਲਾਂ ਏਮਜ ਵਿੱਚ ਇੱਕ ਬਹੁਤ ਵੱਡੀ ਡਾਟਾ ਚੋਰੀ ਦੀ ਘਟਨਾ ਹੋਈ, ਜਿੱਥੇ ਵੱਡੇ ਨੇਤਾਵਾਂ, ਜੱਜਾਂ, ਅਫਸਰਾਂ ਸਮੇਤ ਬਹੁਤ ਸਾਰੇ ਲੋਕਾਂ ਦੇ ਹੈੱਲਥ ਰਿਕਾਰਡ ਹਨ। ਇਸ ਮਾਮਲੇ ਦੀ ਐੱਫ ਆਈ ਆਰ ਵਿੱਚ ਦੱਸਿਆ ਗਿਆ ਕਿ ਇਹ ਡਾਟਾ ਬਰੀਚ (ਉਲੰਘਣਾ) ਚੀਨ ਦੁਆਰਾ ਕੀਤੀ ਗਈ। ਉਨ੍ਹਾਂ ਕਿਹਾ ਕਿ ਅਸੀਂ ਆਏ ਦਿਨ ਗਲਵਾਨ ਤੋਂ ਲੈ ਕੇ ਤਵਾਂਗ ਤੱਕ ਚੀਨ ਦਾ ਦੁਸਾਹਸ ਦੇਖ ਚੁੱਕੇ ਹਾਂ। ਉਨ੍ਹਾਂ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਭਾਰਤ ਸਰਕਾਰ ਨੂੰ ਇੱਕ ਬਹੁਤ ਹੀ ਜਾਇਜ਼ ਸਲਾਹ ਦਿੱਤੀ ਸੀ ਕਿ ਭਾਰਤ ਨੂੰ ਚੀਨ ਨਾਲ ਆਪਣਾ ਸਾਰਾ ਵਪਾਰ ਬੰਦ ਕਰਕੇ ਉਨ੍ਹਾਂ ਨੂੰ ਆਰਥਕ ਚੋਟ ਦੇਣੀ ਚਾਹੀਦੀ ਹੈ।

ਉਹਨਾਂ ਸਦਨ ਰਾਹੀਂ ਸਵਾਲ ਕੀਤਾ ਕਿ ਭਾਰਤ ਸਰਕਾਰ ਇਸ 'ਤੇ ਕੀ ਕਰ ਰਹੀ ਹੈ। ਸਦਨ ਵਿੱਚ ਆਪਣਾ ਸਵਾਲ ਪੂਰਾ ਨਾ ਕਰਨ ਦੇ ਵਿਰੋਧ 'ਚ ਚੱਢਾ ਨੇ ਟਵੀਟ ਕਰਦਿਆਂ ਕਿਹਾ ਕਿ ਪਾਰਲੀਮੈਂਟ ਵਿੱਚ ਅਰਵਿੰਦ ਕੇਜਰੀਵਾਲ ਦੀ ਜਾਇਜ਼ ਮੰਗ ਰੱਖਣ 'ਤੇ ਉਨ੍ਹਾ ਦਾ ਮਾਈਕ ਬੰਦ ਕਿਉਂ ਕੀਤਾ ਗਿਆ? ਉਨ੍ਹਾ ਕਿਹਾ ਕਿ ਭਾਰਤੀ ਫੌਜ ਹਰ ਵਾਰ ਮਜ਼ਬੂਤੀ ਨਾਲ ਸਰਹੱਦ ਤੋਂ ਚੀਨੀ ਫੌਜ ਨੂੰ ਖਦੇੜ ਦਿੰਦੀ ਹੈ ਅਤੇ ਇਹ ਸਹੀ ਸਮਾਂ ਹੈ ਕਿ ਚੀਨ ਨਾਲ ਵਪਾਰ ਬੰਦ ਕਰਕੇ ਉਸ ਨੂੰ ਆਰਥਕ ਪੱਖੋਂ ਵੀ ਝਟਕਾ ਦਿੱਤਾ ਜਾਵੇ।

BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਕਸ਼ਮੀਰੀ ਧੋਖੇ ਦਾ ਸ਼ਿਕਾਰ ਹੋਏ:ਸਾਬਕਾ 'ਰਾਅ' ਅਧਿਕਾਰੀ ਏ ਐਸ ਦੂਲਟ ਨੇ ਵਿਸਥਾਰ 'ਚ ਚਰਚਾ ਕੀਤੀ

ਨਵੀਂ ਦਿੱਲੀ, ਭਾਰਤ ਦੀ ਖੂਫੀਆਂ ਏਜੰਸੀ 'ਰਾਅ'ਦੇ ਸਾਬਕਾ ਮੁਖੀ ਏ.ਐਸ. ਦੂਲਤ ਨੇ ਇੱਕ ਵਿਸਤ੍ਰਿਤ ਇੰਟਰਵਿਊ ਵਿੱਚ ਭਾਰਤ ਦੇ ਮੌਜੂਦਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵੱਲੋਂ ਸਿੱਖ ਵਿਰੋਧੀ ਕਾਰਵਾਈਆਂ ਸ਼ੁਰੂ ਕਰਨ ਅਤੇ ਜੰਮੂ ਅਤੇ ਕਸ਼ਮੀਰ ਵਿੱਚ ਬੇਰਹਿਮ ਨੀਤੀ ਬਣਾਉਣ ਬਾਰੇ ਗੱਲ ਕੀਤੀ।

'ਦਿ ਵਾਇਰ' ਨਾਲ ਦੂਲਟ ਦੀ ਇੰਟਰਵਿਊ ਮਸ਼ਹੂਰ ਭਾਰਤੀ ਪੱਤਰਕਾਰ ਕਰਨ ਥਾਪਰ ਦੁਆਰਾ ਕੀਤੀ ਗਈ ਸੀ ਅਤੇ ਇਹ ਮੂਲ ਰੂਪ ਵਿੱਚ ਏ.ਐਸ. ਦੂਲਟ ਦੀ ਨਵੀਂ ਯਾਦ, 'ਏ ਲਾਈਫ ਇਨ ਦ ਸ਼ੈਡੋਜ਼' ਕਿਤਾਬ ਵਿੱਚ ਕਈ ਸੀਨੀਅਰ ਨੇਤਾਵਾਂ ਅਤੇ ਮੌਜੂਦਾ ਨੈਸ਼ਨਲ ਸਕਿਉਰਟੀ ਐਡਵਾਈਜ਼ਰ ਅਜੀਤ ਡੋਵਾਲ ਸਮੇਤ ਭਾਰਤ ਦੀ ਸੁਰੱਖਿਆ ਸਥਾਪਨਾ ਦੇ ਮਹੱਤਵਪੂਰਨ ਮੈਂਬਰਾਂ ਨਾਲ ਦੂਲਟ ਦੀ ਗੱਲਬਾਤ ਸ਼ਾਮਲ ਹੈ।

ਇੰਟਰਵਿਊ ਵਿੱਚ ਡੋਵਾਲ ਬਾਰੇ ਦੂਲਤ ਦੇ ਪ੍ਰਭਾਵ, ਕਸ਼ਮੀਰ ਮੁੱਦੇ 'ਤੇ ਉਸ ਦੇ ਵਿਚਾਰ ਅਤੇ ਇਸ ਨੂੰ ਲਗਾਤਾਰ ਭਾਰਤੀ ਸਰਕਾਰਾਂ ਦੁਆਰਾ ਕਿਵੇਂ ਨਜਿੱਠਿਆ ਗਿਆ ਹੈ ਅਤੇ ਸਿੱਖਾਂ ਨਾਲ ਵਿਵਹਾਰ ਅਤੇ ਇਸ ਵਿੱਚ ਅਜੀਤ ਡੋਵਾਲ ਦੀ ਭੂਮਿਕਾ, ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।

ਅਜੀਤ ਡੋਵਾਲ ਬਾਰੇ, ਦੂਲਟ ਕਹਿੰਦਾ ਹੈ: "ਮੈਂ '87 ਦੇ ਆਸ-ਪਾਸ ਮਹਿਸੂਸ ਕਰਦਾ ਹਾਂ, ਜਿਸ ਸਮੇਂ ਤੱਕ 'ਡੋਵਾਲ ਲੀਜੈਂਡ' ਅਜੇ ਵਧਣਾ ਸ਼ੁਰੂ ਹੋਇਆ ਸੀ। ਉਹ ਪਾਕਿਸਤਾਨ ਤੋਂ ਵਾਪਸ ਆਇਆ ਸੀ ਅਤੇ ਐਮ. ਕੇ ਨਾਰਾਇਣਨ ਨੂੰ ਕੁਝ ਚਿਰ ਪਹਿਲਾਂ ਹੀ ਆਈਬੀ ਮੁਖੀ ਨਿਯੁਕਤ ਕੀਤਾ ਗਿਆ ਸੀ।

ਮੈਂ ਅਜੀਤ ਤੋਂ ਤਿੰਨ ਸਾਲ ਪਹਿਲਾਂ ਆਈ.ਬੀ ਵਿਚ ਸ਼ਾਮਲ ਹੋਇਆ ਸੀ ।,

"ਮੈਂ ਤੁਹਾਨੂੰ 1996 ਵੱਲ ਵਾਪਸ ਲੈ ਜਾਂਦਾ ਹਾਂ। ਡਾ ਫਾਰੂਕ ਅਬਦੁੱਲਾ ਤੀਜੀ ਵਾਰ ਮੁੱਖ ਮੰਤਰੀ ਵਜੋਂ ਕਸਮੀਰ ਵਿੱਚ ਵਾਪਸ ਆ ਰਹੇ ਸਨ। ਇਤਫ਼ਾਕ ਨਾਲ ਉਹ ਸਮਾਂ ਸੀ ਜਦੋਂ 'ਅਜੀਤ' ਨੂੰ ਸ੍ਰੀਨਗਰ 'ਚ ਤਾਇਨਾਤ ਕੀਤਾ ਜਾ ਰਿਹਾ ਸੀ ਅਤੇ ਫਾਰੂਕ ਨੇ ਮੈਨੂੰ ਆਪਣੇ ਸਹੁੰ ਚੁੱਕ ਸਮਾਗਮ ਲਈ ਬੁਲਾਇਆ ਸੀ ਤਾਂ ਮੈਂ 'ਅਜੀਤ' ਨੂੰ ਨਾਲ ਆਉਣ ਦਾ ਸੁਝਾਅ ਦਿੱਤਾ। ਮੈਂ ਕਿਹਾ ਮੁੱਖ ਮੰਤਰੀ ਨੂੰ ਮਿਲਣ ਦਾ ਇਹ ਚੰਗਾ ਸਮਾਂ ਹੋਵੇਗਾ। ਇਸ ਲਈ ਉਹ ਆਇਆ ਅਤੇ ਮੈਂ ਉਸਨੂੰ ਏਅਰਪੋਰਟ ਤੋਂ ਸਿੱਧਾ ਫਾਰੂਕ ਦੇ ਘਰ ਲੈ ਗਿਆ ਅਤੇ ਮੈਂ ਕਿਹਾ ਕਿ ਇਹ ਸਾਡੇ ਵਧੀਆ ਖੁਫੀਆ ਅਫਸਰਾਂ ਵਿੱਚੋਂ ਇੱਕ ਹੈ।

"ਪਰ ਕੀ ਹੋਇਆ ਕਿ ਕੈਮਿਸਟਰੀ ਕੰਮ ਨਹੀਂ ਕਰ ਸਕੀ ਅਤੇ ਅਜੀਤ ਹੌਲੀ-ਹੌਲੀ ਦੂਜੇ ਪਾਸੇ, ਮੁਫਤੀ ਸਾਹਬ ਵੱਲ ਚਲਾ ਗਿਆ, ਅਤੇ ਫਿਰ ਕਹਾਣੀ ਇਹ ਹੈ, ਕਿ ਉਸਨੇ ਪੀਡੀਪੀ ਬਣਾਉਣ ਵਿੱਚ ਭੂਮਿਕਾ ਨਿਭਾਈ। ਇਸ ਲਈ ਇਹ ਕਹਾਣੀਆਂ ਹਨ। ਅਜੀਤ ਮੰਨਦਾ ਹੈ ਜਾਂ ਨਹੀਂ, ਪਰ ਇਸ ਬਾਰੇ ਗੱਲ ਕੀਤੀ ਜਾਂਦੀ ਹੈ।

"...ਜੇ ਉਹ ਸੱਤਾ ਵਿੱਚ ਰਹਿਣ ਵਾਲੇ ਆਦਮੀ ਤੋਂ ਸੱਤਾ ਵਿੱਚ ਹੋਣ ਦੀ ਉਮੀਦ ਰੱਖਣ ਵਾਲੇ ਆਦਮੀ ਨਾਲ ਗੇਮ ਕਰ ਸਕਦਾ ਹੈ ਤਾਂ ਮੈਂ ਇਹ ਕਹਿ ਸਕਦਾ ਹਾਂ ਕਿ ਜੇਕਰ ਅੱਜ ਭਾਰਤ ਸਰਕਾਰ ਨੂੰ ਫਾਰੂਕ ਦੀ ਲੋੜ ਹੈ, ਤਾਂ ਅਜੀਤ ਫਿਰ ਤੋਂ ਉਸਦਾ ਸਭ ਤੋਂ ਚੰਗਾ ਮਿੱਤਰ ਬਣੇਗਾ।

"ਮੈਂ ਇੱਕ ਪਲ ਵਿੱਚ ਬਲੈਕ ਥੰਡਰ ਵਿੱਚ ਆਵਾਂਗਾ, ਜਾਂ ਮੈਂ ਬਲੈਕ ਥੰਡਰ ਨਾਲ ਸ਼ੁਰੂਆਤ ਕਰ ਸਕਦਾ ਹਾਂ। ਤੁਸੀਂ ਜਾਣਦੇ ਹੋ, ਅਜੀਤ ਅਤੇ ਮੈਂ ਕਸ਼ਮੀਰ ਵਿੱਚ ਇਕੱਠੇ ਕੰਮ ਕੀਤਾ ਹੈ। ਅਤੇ ਜਿਵੇਂ ਕਿ ਮੈਂ ਪਹਿਲਾਂ ਕਿਹਾ ਸੀ ਕਿ ਅਸੀਂ ਵੱਖੋ-ਵੱਖਰੇ ਢੰਗ ਨਾਲ ਸੋਚਦੇ ਹਾਂ ਪਰ ਜਦੋਂ ਅਸੀਂ ਕਸ਼ਮੀਰ ਵਿੱਚ ਕੰਮ ਕਰ ਰਹੇ ਸੀ, ਮੈਨੂੰ ਪਤਾ ਸੀ ਕਿ ਉਹ ਆਪਣੀ ਰਣਨੀਤੀ ਅਪਣਾਏਗਾ ਅਤੇ ਇਸ ਨਾਲ ਮੈਨੂੰ ਕੋਈ ਪਰੇਸ਼ਾਨੀ ਨਹੀਂ ਸੀ। ਮੈਂ ਕਿਹਾ, "ਆਪਣੇ ਤਰੀਕੇ ਨਾਲ ਕਰੋ। ਮੈਂ ਨਤੀਜੇ ਚਾਹੁੰਦਾ ਹਾਂ", ਅਤੇ ਉਸਨੇ ਨਤੀਜੇ ਪੇਸ਼ ਕੀਤੇ। ਇਸ ਲਈ ਬਲੈਕ ਥੰਡਰ ਦੇ ਸਵਾਲ 'ਤੇ, ਜਿਵੇਂ ਕਿ ਦੰਤਕਥਾ ਹੈ, ਉਹ ਉਸ ਸਮੇਂ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਰਿਕਸ਼ਾ ਚਾਲਕ ਦੇ ਰੂਪ ਵਿੱਚ ਚੱਕਰ ਲਾਉਂਦਾ ਸੀ, ਅਤੇ ਉਹ ਇੱਕ ਆਈਐਸਆਈ ਏਜੰਟ ਹੋਣ ਦਾ ਬਹਾਨਾ ਲਗਾ ਕੇ ਦਰਬਾਰ ਸਾਹਿਬ ਵਿੱਚ ਦਾਖਲ ਹੋਇਆ ਸੀ।



"ਅਜੀਤ ਦੀ ਸੁੰਘਣ ਦੀ ਸ਼ਕਤੀ ਵਿੱਚ ਬਹੁਤ ਵਧੀਆ ਹੈ ਅਤੇ ਹਾਂ ਉਹ ਸੱਜੇ ਪਾਸੇ ਰਹਿਣ ਦੀ ਕੋਸ਼ਿਸ਼ ਕਰਦਾ ਹੈ। ਉਹ ਸੱਜੇ ਪਾਸੇ ਰਹੇਗਾ। ਪਰ ਮੈਂ ਇਹ ਨਹੀਂ ਕਹਾਂਗਾ ਕਿ ਉਸ ਦੀਆਂ ਤਰਜੀਹਾਂ ਨਹੀਂ ਹਨ। ਇਸ ਲਈ ਮੈਂ ਕਿਹਾ ਕਿ ਉਹ ਆਪਣੇ ਕਰੀਅਰ ਵਿੱਚ ਅੱਜ ਜਿੰਨਾ ਖੁਸ਼ ਨਹੀਂ ਸੀ, ਕਿਉਂਕਿ ਉਹ ਅਤੇ ਮੋਦੀ ਸਿਰਫ਼ ਇੱਕ ਦੂਜੇ ਲਈ ਬਣਾਏ ਗਏ ਹਨ।

"ਮੈਂ ਤੁਹਾਨੂੰ ਦੱਸਾਂਗਾ ਕਿ ਐਮ ਕੇ (ਸਾਬਕਾ ਆਈਬੀ ਮੁਖੀ)ਨੇ ਇਕ ਵਾਰ ਕੀ ਕਿਹਾ ਸੀ ਕਿ ਜੇ ਉਸ ਨੂੰ ਕਸ਼ਮੀਰ ਵਿਚ ਡੰਡਾ ਚਲਾਉਣ ਦੀ ਲੋੜ ਪਈ, ਤਾਂ ਉਹ ਡੋਵਾਲ ਨੂੰ ਨਿਯੁਕਤ ਕਰੇਗਾ।ਜੇ ਉਹ ਕਸ਼ਮੀਰ ਵਿੱਚ ਗਾਜਰ ਦੀ ਪੇਸ਼ਕਸ਼ ਕਰਨਾ ਚਾਹੁੰਦਾ ਸੀ ਤਾਂ ਉਹ ਮੈਨੂੰ ਭੇਜ ਦੇਵੇਗਾ। ਇਸ ਲਈ ਇਹ ਉਹ ਕਿਸਮ ਹੈ, ਇਹੀ ਫਰਕ ਹੈ ਜੋ ਸਾਡੇ ਦੋਵਾਂ ਵਿਚਕਾਰ ਹੈ। "

ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਸਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ ਕਿ "ਕਸ਼ਮੀਰੀਆਂ ਨੇ ਸਾਲਾਂ ਵਿੱਚ ਚਾਲਬਾਜ਼ ਹੋਣਾ ਸਿੱਖਿਆ ਹੈ। ਇਹ ਉਹਨਾਂ ਲਈ ਬਚਾਅ ਦੀ ਕੁੰਜੀ ਹੈ. ਉਹ ਆਸਾਨੀ ਨਾਲ ਤੁਹਾਡੇ 'ਤੇ ਭਰੋਸਾ ਨਹੀਂ ਕਰਨਗੇ। ਉਹ ਇੱਕ ਦੂਜੇ 'ਤੇ ਬਿਲਕੁਲ ਭਰੋਸਾ ਨਹੀਂ ਕਰਨਗੇ।'' ਕੀ ਇਹੀ ਕਾਰਨ ਹੈ ਕਿ ਕਸ਼ਮੀਰੀਆਂ ਨੂੰ ਬਾਕੀ ਭਾਰਤ ਦੁਆਰਾ ਅਕਸਰ ਗਲਤ ਸਮਝਿਆ ਜਾਂਦਾ ਹੈ। ਦੂਲਟ ਨੇ ਕਿਹਾ, "ਮੈਂ ਇਹ ਪਹਿਲਾਂ ਵੀ ਕਿਹਾ ਹੈ, ਕਿ ਕਸ਼ਮੀਰ ਅਤੇ ਕਸ਼ਮੀਰੀਆਂ ਨੂੰ ਸਮਝਣ ਵਿੱਚ ਇੱਕ ਉਮਰ ਤੋਂ ਵੱਧ ਸਮਾਂ ਲੱਗ ਸਕਦਾ ਹੈ। ਤੁਸੀਂ ਕਿਸੇ ਵੀ ਕਸ਼ਮੀਰੀ ਨੂੰ ਲੈ ਲਓ, ਤੁਸੀਂ ਦੇਖੋਗੇ ਕਿ ਉਸ ਦੇ ਅੰਦਰ ਪਰਤਾਂ ਅਤੇ ਪਰਤਾਂ ਹਨ। ਉਹ ਤੁਹਾਨੂੰ ਉਸ ਵਿੱਚ ਦਾਖਲ ਨਹੀਂ ਹੋਣ ਦਿੰਦਾ, ਤੁਸੀਂ ਜਾਣਦੇ ਹੋ ਤੇ ਤੁਹਾਨੂੰ ਜ਼ਮੀਨ 'ਤੇ ਬੈਠ ਕੇ ਉਸ ਦਾ ਭੋਜਨ ਖਾਣਾ ਚਾਹੀਦਾ ਹੈ ਅਤੇ ਉਨ੍ਹਾਂ ਨਾਲ ਖਾਣਾ ਚਾਹੀਦਾ ਹੈ, ਅਤੇ ਫਿਰ ਸ਼ਾਇਦ ਉਹ ਤੁਹਾਡੇ ਨਾਲ ਗੱਲ ਕਰਨਾ ਸ਼ੁਰੂ ਕਰ ਦੇਣ। ਉਹ ਤੁਹਾਡੇ ਉੱਤੇ ਆਸਾਨੀ ਨਾਲ ਭਰੋਸਾ ਨਹੀਂ ਕਰਦੇ ਅਤੇ ਮੀਰਵਾਇਜ਼ ਨੇ ਮੈਨੂੰ ਇੱਕ ਵਾਰ ਇਹ ਸਮਝਾਇਆ ਸੀ, । ਉਸਨੇ ਕਿਹਾ, "ਤੁਸੀਂ ਕਹਿੰਦੇ ਹੋ ਕਿ ਅਸੀਂ ਝੂਠ ਬੋਲਦੇ ਹਾਂ, ਅਤੇ ਅਸੀਂ ਝੂਠ ਬੋਲਦੇ ਹਾਂ। ਪਰ ਸਾਨੂੰ ਝੂਠ ਬੋਲਣਾ ਕਿਸਨੇ ਸਿਖਾਇਆ? ਕਿਉਂਕਿ ਤੁਸੀਂ ਸਾਡੇ ਨਾਲ ਕਦੇ ਸੱਚ ਨਹੀਂ ਬੋਲਦੇ।" ਇਸ ਲਈ, ਮੇਰਾ ਮਤਲਬ ਹੈ ਕਿ ਇਹ ਕੁਦਰਤੀ ਤੌਰ 'ਤੇ ਆਉਂਦਾ ਹੈ।

ਮੈਂ ਕਹਾਂਗਾ ਕਿ ਦਿੱਲੀ ਵਾਲੇ ਕਸ਼ਮੀਰ ਬਾਰੇ ਬੰਗਾਲ ਜਾਂ ਦੱਖਣੀ ਭਾਰਤ ਨਾਲੋਂ ਵੱਖਰਾ ਸੋਚਦੇ ਹਨ । ਦਿੱਲੀ ਵਿੱਚ, ਲੋਕ ਕਸ਼ਮੀਰ ☛


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration





New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711



AMAYA LIVING





60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor
KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator
BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year
PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ‘ਕੈਟ’ ਵਰਗੀਆਂ ਫ਼ਿਲਮਾਂ ਵਿਚੋਂ ਹੀ ਵੇਖਿਆ ਜਾ ਸਕਦੈ... ਵਰਦੀ ਵਾਲਿਆਂ ਵੱਲੋਂ ਕੀਤੀ ਜਾਂਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸੱਚ, ਰਿਪੋਰਟਾਂ ’ਚੋਂ ਨਹੀਂ...

10 ਦਸੰਬਰ ਨੂੰ ਮਨੁੱਖੀ ਅਧਿਕਾਰ ਦਿਵਸ ਸੀ ਅਤੇ ਇਸ ਕਾਰਨ ਹਰਿਆਣਾ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਅਪਣੀ ਦਸ ਸਾਲ ਦੀ ਰੀਪੋਰਟ ਜਨਤਕ ਕਰ ਦਿਤੀ। 2016 ਅਤੇ 2022 ਵਿਚ ਉਨ੍ਹਾਂ ਕੋਲ 18,659 ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਸ਼ਿਕਾਇਤਾਂ ਆਈਆਂ ਜਿਨ੍ਹਾਂ ਵਿਚੋਂ 45 ਫ਼ੀ ਸਦੀ (8,367) ਪੁਲਿਸ ਵਿਰੁਧ ਸਨ। ਹਰਿਆਣਾ ਕਮਿਸ਼ਨ ਦਾ ਆਖਣਾ ਹੈ ਕਿ ਇਨ੍ਹਾਂ ਜਾਂਚਾਂ ਸਦਕਾ ਹੁਣ ਹਰਿਆਣਾ ਪੁਲਿਸ ਅਤੇ ਜੇਲਾਂ ਵਿਚ ਤਬਦੀਲੀਆਂ ਲਿਆਂਦੀਆਂ ਜਾ ਰਹੀਆਂ ਹਨ ਤੇ ਕਈ ਕੇਸਾਂ ਨੂੰ ਨਿਪਟਾਇਆ ਗਿਆ ਹੈ ਤੇ ਕਈ ਲੋਕਾਂ ਨੂੰ ਮੁਆਵਜ਼ੇ ਵੀ ਮਿਲ ਰਹੇ ਹਨ।

ਪਰ ਭਾਰਤ ਦੇ ਨਾਮਵਰ ਹਿਸਟੋਰੀਅਨ ਰਾਮਚੰਦਰਾ ਗੁਹਾ ਨੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਨੂੰ ਸੰਬੋਧਨ ਕਰਦੇ ਹੋਏ ਇਕ ਸਵਾਲ ਪੁਛਿਆ ਹੈ ਕਿ ਕੀ ਭਾਰਤ ਨੂੰ ਹੁਣ ਦੁਨੀਆਂ ਦੀ ਸੱਭ ਤੋਂ ਵੱਡਾ ਲੋਕਤੰਤਰ ਆਖਿਆ ਜਾ ਸਕਦਾ ਹੈ? ਸਰਕਾਰਾਂ ਉਨ੍ਹਾਂ ਦੇ ਨਿਸ਼ਾਨੇ ਤੇ ਹਨ ਪਰ ਪਹਿਲੀ ਜ਼ਿੰਮੇਵਾਰੀ ਤਾਂ ਮਨੁੱਖੀ ਅਧਿਕਾਰਾਂ ਤੇ ਉਨ੍ਹਾਂ ਦੀ ਰਾਖੀ ਕਰਨ ਵਾਲਿਆਂ ਦੀ ਹੀ ਬਣਦੀ ਹੈ। ਅਮੀਰ ਤੇ ਤਾਕਤਵਰ ਲੋਕਾਂ ਵਾਸਤੇ ਜਦ ਦੇਸ਼ ਵਿਚ ਕਾਨੂੰਨ ਤੇ ਉਨ੍ਹਾਂ ਦੀ ਰਾਖੀ ਦਾ ਤਰੀਕਾ ਵਖਰਾ ਹੋਵੇ ਤਾਂ ਕੀ ਅਸਲ ਵਿਚ ਦੇਸ਼ ਨੂੰ ਲੋਕਤੰਤਰੀ ਕਿਹਾ ਜਾ ਸਕਦਾ ਹੈ ? ਹਰਿਆਣਾ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਜੋ ਤਸਵੀਰ ਪੇਸ਼ ਕੀਤੀ, ਉਸ ਨੂੰ ਕਲਾ ਦੇ ਮਾਧਿਅਮ ਰਾਹੀਂ ਇਕ ਪੰਜਾਬੀ ਨਾਟਕ ‘ਕੈਟ’ ਨੇ ਇਸੇ ਹਫ਼ਤੇ ਪੇਸ਼ ਕੀਤਾ ਹੈ।



ਇਸ ਨਾਟਕ ਵਿਚ ਪੁਲਿਸ ਦੇ 80-90 ਦੇ ਕਿਰਦਾਰ ਤੇ ਅੱਜ ਦੇ ਕਿਰਦਾਰ ਤੇ ਬੜੀ ਦਲੇਰੀ ਨਾਲ ਰੋਸ਼ਨੀ ਪਾਈ ਗਈ ਹੈ ਕਿ ਕਿਸ ਤਰ੍ਹਾਂ ਪੰਜਾਬ ਵਿਚ ਲਾਲਚ ਨੇ ਵਰਦੀ ਵਾਲਿਆਂ ਨੂੰ ਆਮ ਲੋਕਾਂ ਦਾ ਦੁਸ਼ਮਣ ਬਣਾ ਧਰਿਆ ਸੀ ਜਿਥੇ ਉਨ੍ਹਾਂ ਸ਼ਾਂਤੀ ਕਾਇਮ ਨਹੀਂ ਸੀ ਕੀਤੀ ਬਲਕਿ ਸਵਾਲ ਚੁਕਣ ਵਾਲਿਆਂ ਨੂੰ ਹੀ ਖ਼ਤਮ ਕਰ ਦਿਤਾ ਸੀ। ‘ਕੈਟ’ ਯਾਨੀ ਲਾਲਚ ਵਿਚ ਫਸਾਏ ਗਏ ਨੌਜਵਾਨਾਂ ਨੂੰ ਇਸਤੇਮਾਲ ਕਰਨ ਦੀ ਪ੍ਰਕਿਰਿਆ ਵਰਦੀ ਨੇ ਅਪਣੇ ਫ਼ਾਇਦੇ ਵਾਸਤੇ ਕੀਤੀ ਤੇ ਸ਼ਾਇਦ ਅੱਜ ਵੀ ਕਰ ਰਹੀ ਹੈ। ਅਤਿਵਾਦ ਦਾ ਦੌਰ ਤਾਂ ਅਪਣੇ ਹੱਕਾਂ ਅਧਿਕਾਰਾਂ ਦੀ ਆਵਾਜ਼ ਦੀ ਤੜਪ ਸੀ ਤੇ ਅੱਜ ਦੇ ਨਸ਼ੇ ਦੇ ਮਾਫ਼ੀਆ ਦੀ ਕਾਮਯਾਬੀ ਤੇ ਅਮੀਰੀ ਵਿਚ ਸੱਭ ਤੋਂ ਵੱਡਾ ਹੱਥ ਵਰਦੀ ਵਾਲਿਆਂ ਦਾ ਤੇ ਸਿਆਸਤਦਾਨਾਂ ਦਾ ਸੀ ਅਤੇ ਅੱਜ ਵੀ ਹੈ। ਇਹ ਗੱਲ ਹਰ ਆਮ ਪੰਜਾਬੀ ਮੰਨਦਾ ਹੈ ਪਰ ਜਦ ਜਾਂਚ ਵਰਦੀ ਨੇ ਕਰਨੀ ਹੈ ਅਤੇ ਇਲਜ਼ਾਮ ਵੀ ਉਨ੍ਹਾਂ ਤੇ ਹੀ ਹਨ ਤਾਂ ਨਿਰਾਸ਼ਾ ਤਾਂ ਵਧਣੀ ਹੀ ਹੋਈ ਅਤੇ ਉਸੇ ਨੂੰ ਇਸ ਫ਼ਿਲਮ ਨੇ ਕਲਾ ਦੇ ਮਾਧਿਅਮ ਰਾਹੀਂ ਬਾਖ਼ੂਬੀ ਪੇਸ਼ ਕੀਤਾ ਹੈ।

ਅੱਜ ਜੇ ਪੰਜਾਬ ਮਨੁੱਖੀ ਅਧਿਕਾਰਾਂ ਬਾਰੇ ਸੱਚੋ ਸੱਚ ਰੀਪੋਰਟ ਆਵੇ ਤਾਂ ਹਰਿਆਣੇ ਦੀਆਂ 45 ਪ੍ਰਤੀਸ਼ਤ ਪੁਲਿਸ ਵਿਰੁਧ ਸ਼ਿਕਾਇਤਾਂ ਨਾਲੋਂ ਇਥੇ ਕਿਤੇ ਵੱਧ ਹੋਣਗੀਆਂ ਪਰ ਪੰਜਾਬ ਵਿਚ ਸ਼ਾਇਦ ਹੁਣ ਅਪਣੇ ਹੱਕ ਮੰਗਣ ਵਾਸਤੇ ਸ਼ਿਕਾਇਤਾਂ ਲਿਖਵਾਉਣ ਦੀ ਕੋਸ਼ਿਸ਼ ਵੀ ਕੋਈ ਘੱਟ ਹੀ ਕਰੇਗਾ। ਅੱਜ ਤਕ ਪੰਜਾਬ ਵਿਚ ਨਕਲੀ ਮੁਕਾਬਲਿਆਂ ਵਿਚ ਮਾਰੇ ਗਏ ਬੇਗੁਨਾਹਾਂ ਦੀਆਂ ਜਾਂਚਾਂ ਤਾਂ ਨਿਪਟ ਨਹੀਂ ਸਕੀਆਂ। ਪੰਜਾਬ ਵਿਚ ਐਸ.ਆਈ.ਟੀ. ਬਣਾ ਕੇ ਸੱਚ ਨੂੰ ਤਰੀਕਾਂ ਅਤੇ ਕਾਗ਼ਜ਼ਾਂ ਹੇਠ ਛੁਪਾਉਣ ਦੀ ਰੀਤ ਦੀ ਸੱਭ ਤੋਂ ਵਧੀਆ ਉਦਾਹਰਣ ਬਰਗਾੜੀ ਦੀ ਐਸ.ਆਈ.ਟੀ. ਹੈ ਜਿਸ ਦਾ ਕੰਮ ਕਦੇ ਖ਼ਤਮ ਹੋਣ ਨੂੰ ਹੀ ਨਹੀਂ ਆਉਂਦਾ। ‘ਕੈਟ’ ਵੇਖ ਕੇ ਤੁਸੀਂ ਪੰਜਾਬ ਦੀ ਸਚਾਈ ਨੂੰ ਪਛਾਣ ਤਾਂ ਸਕੋਗੇ।

ਇਤਿਹਾਸਕਾਰ ਰਾਮਚੰਦਰਾ ਗੁਹਾ ਵਲੋਂ ਮਾਯੂਸ ਹੋ ਕੇ ਪੁਛੇ ਗਏ ਇਸ ਸਵਾਲ ਦਾ ਜਵਾਬ ਕਿਸ ਕੋਲ ਹੈ ਕਿ ‘ਮੇਰੇ ਹੱਕਾਂ ਦੀ ਰਾਖੀ ਕੌਣ ਕਰੇਗਾ?’ ਕਿਉਂਕਿ ਸਾਡੇ ਕੋਲ ਹਰਿਆਣਾ ਰੀਪੋਰਟ ਵਰਗੀ ਕੋਈ ਸੱਚੀ ਤਸਵੀਰ ਤਾਂ ਹੈ ਨਹੀਂ। ਅਸੀ ਨਹੀਂ ਜਾਣਦੇ ਕਿ ਕਿਹੜੀ ਵਰਦੀ ਦਾਗ਼ੀ ਹੈ ਅਤੇ ਕਿਹੜੀ ਉਤੇ ਅਸੀ ਯਕੀਨ ਕਰ ਸਕਦੇ ਹਾਂ? ਇਸੇ ਕਾਰਨ ਆਮ ਪੰਜਾਬੀ ਸੱਭ ਨੂੰ ਹੀ ਦਾਗ਼ੀ ਮੰਨਦਾ ਹੈ ਤੇ ਹੋਰ ਕਿਸੇ ਕੋਲੋਂ ਮਦਦ ਤਾਂ ਮੰਗ ਸਕਦਾ ਹੈ ਪਰ ਵਰਦੀ ਵਾਲਿਆਂ ਤੋਂ ਹਮੇਸ਼ਾ ਦੂਰ ਹੀ ਰਹਿਣਾ ਪਸੰਦ ਕਰਦਾ ਹੈ। ਜੇ ਪੰਜਾਬ ਵਿਚ ਸੁਧਾਰ ਲਿਆਉਣਾ ਹੈ ਤਾਂ ਪਹਿਲਾਂ ਇਸ ਵਿਸ਼ਵਾਸ ਦੀਆਂ ਤਿੜਕ ਚੁਕੀਆਂ ਤੰਦਾਂ ਨੂੰ ਮਜ਼ਬੂਤ ਬਣਾਉਣ ਦਾ ਰਸਤਾ ਤਲਾਸ਼ਣਾ ਪਵੇਗਾ।

**-ਨਿਮਰਤ ਕੌਰ**

---

ਨੂੰ ਸਿਰਫ ਗੁਲਮਰਗ ਵਿੱਚ ਛੁੱਟੀਆਂ ਜਾਂ ਗੁਲਮਰਗ ਵਿੱਚ ਸਕੀਇੰਗ ਕਰਨ ਜਾਂ ਪਹਿਲਗਾਮ ਜਾਣ ਦੇ ਰੂਪ ਵਿੱਚ ਹੀ ਸਮਝਦੇ ਹਨ। ਬਹੁਤ ਘੱਟ ਲੋਕ ਹਨ ਜੋ ਕਸ਼ਮੀਰ ਜਾ ਕੇ ਕਸ਼ਮੀਰੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਤੁਸੀਂ ਜਾਣਦੇ ਹੋ ਕਿ ਅਸੀਂ ਕਹਾਣੀਆਂ ਲੈ ਕੇ ਵਾਪਸ ਆਉਂਦੇ ਹਾਂ ਕਿ ਕਸ਼ਮੀਰੀ ਕਹਿੰਦੇ ਹਨ, “ਆਪ ਹਿੰਦੁਸਤਾਨ ਸੇ ਆਏ। ।ਤੁਸੀਂ ਭਾਰਤ ਤੋਂ ਆਏ ਹੋ।” ਮੇਰਾ ਮਤਲਬ ਹੈ ਕਿ ਕਸ਼ਮੀਰੀ ਇਸ ਤਰ੍ਹਾਂ ਮਹਿਸੂਸ ਕਰਦੇ ਹਨ।ਪਰ ਬੰਗਾਲ ਜਾਂ ਦੱਖਣੀ ਭਾਰਤ ਵਿੱਚ ਕਸ਼ਮੀਰੀਆਂ ਲਈ ਬਹੁਤ ਜ਼ਿਆਦਾ ਹਮਦਰਦੀ ਹੈ। ਕਸ਼ਮੀਰੀਆਂ ਲਈ ਬਹੁਤ ਜ਼ਿਆਦਾ ਸੰਵੇਦਨਸ਼ੀਲਤਾ ਅਤੇ ਭਾਵਨਾ ਹੈ। ਮੈਂ ਕਹਾਂਗਾ ਕਿ ਇਹ ਦਿੱਲੀ ਦੀ ਸਮੱਸਿਆ ਹੈ ਜਾਂ ਉੱਤਰ ਭਾਰਤ ਦੀ ਸਮੱਸਿਆ ਹੈ।

“ਮੈਨੂੰ ਲੱਗਦਾ ਹੈ ਕਿ ਉਨ੍ਹਾਂ ਕਸ਼ਮੀਰੀਆਂ ਕੋਲ ਉਨਾ ਨਾਲ ਹੋਏ ਧੋਖੇ ਨੂੰ ਮਹਿਸੂਸ ਕਰਨ ਦਾ ਚੰਗਾ ਕਾਰਨ ਹੈ। ਮੈਂ ਤੁਹਾਨੂੰ ਉੱਥੇ ਵਾਪਸ ਲੈ ਜਾਂਦਾ ਹਾਂ ਜਿੱਥੋਂ ਇਹ ਸਭ ਸ਼ੁਰੂ ਹੁੰਦਾ ਹੈ ਅਤੇ ਇਹ ਉਸ ਬਿਰਤਾਂਤ ਦਾ ਹਿੱਸਾ ਹੈ ਜੋ ਤੁਸੀਂ ਕਸ਼ਮੀਰ ਵਿੱਚ ਹਰ ਸਮੇਂ ਸੁਣੋਗੇ। ਇਹ ਅਗਸਤ 1953 ਵਿੱਚ ਸ਼ੇਖ ਅਬਦੁੱਲਾ ਦੀ ਗ੍ਰਿਫਤਾਰੀ ਤੱਕ ਵਾਪਸ ਜਾਂਦਾ ਹੈ, ਅਤੇ, ਤੁਸੀਂ ਜਾਣਦੇ ਹੋ, ਇੱਕ ਵਿਦੇਸ਼ ਸਕੱਤਰ ਸੀ, ਜੋ ਜਵਾਹਰ ਲਾਲ ਨਹਿਰੂ ਤੋਂ ਬਾਅਦ ਸ਼ਾਸਤਰੀ ਦੇ ਸਮੇਂ ਵਿੱਚ ਵੀ ਵਿਦੇਸ਼ ਸਕੱਤਰ ਵਜੋਂ ਜਾਰੀ ਰਿਹਾ, ਵਾਈ ਡੀ ਗੁੰਡੇਵੀਆ।ਗੁੰਡੇਵੀਆ ਕਹਿੰਦਾ ਹੈ, “ਲੋਕਤੰਤਰ ਉਸ ਦਿਨ ਮਰ ਗਿਆ ਜਿਸ ਦਿਨ ਸ਼ੇਖ ਨੂੰ ਗ੍ਰਿਫਤਾਰ ਕੀਤਾ ਗਿਆ ਸੀ।ਇੱਕ ਹੋਰ ਵਿਅਕਤੀ ਬੀ.ਐਨ. ਮੁਲਿਕ, ਆਈਬੀ ਦੇ ਸਾਬਕਾ ਮੁਖੀ ਨੇ ਨਹਿਰੂ ‘ਤੇ ਤਿੰਨ ਕਿਤਾਬਾਂ ਲਿਖੀਆਂ। ਉਹ ਕਹਿੰਦਾ ਹੈ ਕਿ ਜਦੋਂ ਉਹ ਸ਼ੇਖ ਦੀ ਗ੍ਰਿਫਤਾਰੀ ਤੋਂ ਬਾਅਦ ਮਦਰਾਸ ਗਿਆ ਅਤੇ ਰਾਜਾਜੀ - ਸੀ. ਰਾਜਗੋਪਾਲਾਚਾਰੀ ਨੂੰ ਮਿਲਿਆ। ਰਾਜਾ ਜੀ ਨੇ ਉਸਨੂੰ ਕਿਹਾ, “ਸਾਨੂੰ ਸ਼ੇਖ ਦਾ ਦਰਵਾਜ਼ਾ ਖੜਕਾਉਣ ਦੀ ਕੀ ਲੋੜ ਸੀ? ਹੁਣ ਤੁਹਾਨੂੰ ਕਸ਼ਮੀਰ ਵਿੱਚ ਕਦੇ ਵੀ ਸ਼ਾਂਤੀ ਨਹੀਂ ਮਿਲੇਗੀ।

“...ਜਦੋਂ ਮੈਂ 1984 ਦੀ ਗੱਲ ਕਰਦਾ ਹਾਂ, ਤਾਂ ਮੈਂ ਸੋਚਦਾ ਹਾਂ ਕਿ ਕੁਝ ਤਰੀਕਿਆਂ ਨਾਲ ਇਹ 1988, 1989 ਵੀ ਹੋਇਆ। ਹਰ ਕੋਈ 1987 ਦੀਆਂ ਚੋਣਾਂ ਵਿੱਚ ਧਾਂਦਲੀ ਦੀ ਗੱਲ ਕਰਦਾ ਹੈ...”।

“ਕਸ਼ਮੀਰੀ ਹੁਣ ਮਹਿਸੂਸ ਕਰਦੇ ਹਨ, ਜਾਂ ਖਾਸ ਤੌਰ ‘ਤੇ, 2019 ਤੋਂ ਅਤੇ ਉਥੇ ਕੀ ਹੋ ਰਿਹਾ ਹੈ, ਕਿ ਦਿੱਲੀ ਤੋਂ ਕੋਈ ਉਮੀਦ ਨਹੀਂ ਬਚੀ ਹੈ, ਅਤੇ ਇਹ ਇੱਕ ਦੁਖਦਾਈ ਕਹਾਣੀ ਹੈ।ਸਕੂਲ ਜਾਣ ਵਾਲੇ ਬੱਚਿਆਂ ਦੀ ਗੱਲ ਕਰੀਏ, ਜੋ ਆਜ਼ਾਦੀ ਦਿਵਸ, ਗਣਤੰਤਰ ਦਿਵਸ ‘ਤੇ ਇਨ੍ਹਾਂ ਕਾਗਜ਼ਾਂ ਦੇ ਰਾਸ਼ਟਰੀ ਝੰਡੇ ਚੁੱਕਣ ਅਤੇ ਰਾਸ਼ਟਰੀ ਗੀਤ ਗਾਉਣ ਵਿੱਚ ਬਹੁਤ ਮਾਣ ਮਹਿਸੂਸ ਕਰਦੇ ਸਨ। ਇਹ ਹੁਣ ਨਹੀਂ ਵਾਪਰਦਾ, ਅਤੇ ਇਹ ਇੱਕ ਮੁੱਦਾ ਬਣ ਗਿਆ ਹੈ। “ਸਾਨੂੰ ਇਹ ਝੰਡੇ ਚੁੱਕਣ ਦੀ ਕੀ ਲੋੜ ਹੈ?”

“ਮੈਂ ਤੁਹਾਨੂੰ ਦੱਸਾਂਗਾ ਕਿ ਕੀ ਹੋ ਰਿਹਾ ਹੈ ਅਤੇ ਇਹ ਕਿਵੇਂ ਹੋਇਆ ਹੈ, ਕਿਉਂਕਿ, ਕਸ਼ਮੀਰੀ ਮਨ ਵਿੱਚ, ਕੋਈ ਉਮੀਦ ਨਹੀਂ ਬਚੀ ਹੈ। ਅਸੀਂ ਖਤਮ ਹੋ ਗਏ ਹਾਂ। ਜਿਸ ਭਾਰਤ ਨੂੰ ਅਸੀਂ ਜਾਣਦੇ ਸੀ ਉਹ ਮੌਜੂਦ ਨਹੀਂ ਹੈ। ਅਸਲ ਵਿੱਚ, ਜਦੋਂ 2019 ਵਿੱਚ ਵੀ ਕਸ਼ਮੀਰੀਆਂ ਨੇ ਇੱਕ ਸਵਾਲ ਪੁੱਛਿਆ, ਤਾਂ ਉਨ੍ਹਾਂ ਨੇ ਕਿਹਾ, “ਸਾਨੂੰ ਦਿੱਲੀ ਨਾਲ ਹਮੇਸ਼ਾ ਸਮੱਸਿਆ ਰਹੀ ਹੈ, ਪਰ ਭਾਰਤ ਦੇ ਲੋਕ ਸਾਡੇ ਵਿਰੁੱਧ ਕਿਉਂ ਹੋ ਗਏ ਹਨ?” ਇਹ ਨਵਾਂ ਹੈ। ਉਹ ਕਹਿੰਦੇ ਹਨ ਅਸੀਂ ਭਾਰਤ ਦੇ ਵਿਚਾਰ ਨੂੰ ਹਰਾ ਰਹੇ ਹਾਂ ਅਤੇ ਇਸ ਲਈ ਮਹਿਬੂਬਾ ਸਮੇਂ-ਸਮੇਂ ‘ਤੇ ਕਹਿੰਦੀ ਹੈ ਕਿ ਰਾਸ਼ਟਰੀ ਗੀਤ ਜਾਂ ਭਾਰਤੀ ਝੰਡਾ ਲਹਿਰਾਉਣ ਲਈ ਕੋਈ ਨਹੀਂ ਬਚੇਗਾ।ਮੋਦੀ ਸਰਕਾਰ ਵਿੱਚ ਗਾਇਬ ਸੰਵੇਦਨਸ਼ੀਲਤਾ ਬਾਰੇ, ਦੁਲਟ ਨੇ ਕਿਹਾ, “ਬਿਲਕੁਲ ਅੱਜ ਇਹ ਗਾਇਬ ਹੈ। ਬਦਕਿਸਮਤੀ ਨਾਲ, ਇਹ ਗੁੰਮ ਹੈ ...”।

# ਭਰਤਇੰਦਰ ਚਾਹਲ ਦੇ ਟਿਕਾਣਿਆਂ ‘ਤੇ ਛਾਪੇ



ਪਟਿਆਲਾ:ਪੰਜਾਬ ਵਿਜੀਲੈਂਸ ਬਿਊਰੋ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ‘ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਰਹੇ ਭਰਤਇੰਦਰ ਸਿੰਘ ਚਾਹਲ ਦੇ ਕਈ ਟਿਕਾਣਿਆਂ ‘ਤੇ ਛਾਪੇ ਮਾਰੇ ਹਨ।ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨੇ ਕਿਹਾ ਕਿ ਵਿਜੀਲੈਂਸ ਚਾਹਲ ਦੀਆਂ ਜਾਇਦਾਦਾਂ ਦੀ ਕੀਮਤ ਦਾ ਪਤਾ ਲਗਾ ਰਹੀ ਹੈ । ਚਾਹਲ ਦੇ ਜੇਲ੍ਹ ਰੋਡ ‘ਤੇ ਮਿੰਨੀ ਸਕੱਤਰੇਤ ਦੇ ਨੇੜੇ ਸਥਿਤ ਮਾਲ ਗਰੈਂਡ ਰੀਗਲ ਕੰਪਲੈਕਸ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਪਤਾ ਚੱਲ ਸਕੇ ਕਿ ਇਸ ‘ਤੇ ਕਿੰਨੀ ਰਕਮ ਖਰਚ ਹੋਈ ਹੈ।ਵਿਜੀਲੈਂਸ ਦੀ ਟੀਮ ਇਸ ਤੋਂ ਪਹਿਲਾਂ ਸਰਹਿੰਦ ਰੋਡ ‘ਤੇ ਸਥਿਤ ਅਲਕਾਜ਼ਾਰ ਪੈਲੇਸ ‘ਤੇ ਵੀ ਗਈ ਸੀ, ਪਰ ਉਥੇ ਤਾਲਾ ਲੱਗਿਆ ਮਿਲਿਆ। ਟੀਮ ਦੀ ਅਗਵਾਈ ਵਿਜੀਲੈਂਸ ਦੇ ਡੀ ਐੱਸ ਪੀ ਸਤਪਾਲ ਸ਼ਰਮਾ ਕਰ ਰਹੇ ਸਨ।ਮੁਹਾਲੀ ਤੋਂ ਸੁਰੇਸ਼ ਕੁਮਾਰ ਦੀ ਅਗਵਾਈ ‘ਚ ਟੈਕਨੀਕਲ ਟੀਮ ਵੀ ਨਾਲ ਸੀ । ਚਾਹਲ 2017-21 ਦੌਰਾਨ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਸਨ । ਉਹ ਕੈਪਟਨ ਅਮਰਿੰਦਰ ਦੇ ਨਾਲ ਜੁਲਾਈ ‘ਚ ਭਾਜਪਾ ‘ਚ ਸ਼ਾਮਲ ਹੋ ਗਏ ਸਨ ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants

* Social Insurance Number-Medical Service Plan

*Child Care Benefit Application



Call : 778-869-1097

By Appointment Only

#202-12677-80AVE SURREY



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi

Certified Auto Mechanic

604.503.0713

Fax:604.503.0712

Harp_t@hotmail.com

#106-12465 82 Ave , Surrey BC

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ 'ਸ਼ੁਕਰਾਨਾ ਦਿਵਸ' ਅਤੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਸਮਾਗਮ



ਸਰ੍ਹੀ (ਰੂਪਿੰਦਰ ਖਹਿਰਾ ਰੂਪੀ) 10 ਦਸੰਬਰ, 2022 ਬਾਅਦ ਦੁਪਹਿਰ 12:30 ਵਜੇ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਮਾਸਿਕ ਮਿਲਣੀ ਸੀਨੀਅਰ ਸੈਂਟਰ ਵਿਖੇ ਹੋਈ । ਇਹ ਸਮਾਗਮ ਸ਼ੁਕਰਾਨਾ ਦਿਵਸ ( ਸਭਾ ਦੇ ਸ਼ੁਭ ਚਿੰਤਕ ਅਤੇ ਸਹਿਯੋਗੀਆਂ ਦਾ ਸਨਮਾਨ ) ਵਜੋਂ ਮਨਾਇਆ ਗਿਆ ਅਤੇ ਸਾਹਿਬਜ਼ਾਦਿਆ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਰਿਹਾ।ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ,ਸਕਤੱਰ ਪਲਵਿੰਦਰ ਸਿੰਘ ਰੰਧਾਵਾ ਅਤੇ ਸਾਬਕਾ ਪ੍ਰਧਾਨ ਬਿਕੱਰ ਸਿੰਘ ਖੋਸਾ ਸੁਸ਼ੋਭਿਤ ਹੋਏ ਸਟੇਜ ਦੀ ਕਾਰਵਾਈ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਨਿਭਾਈ ਅਤੇ ਪ੍ਰਧਾਨਗੀ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਕੀਤੀ ਗਈ।ਕੁਝ ਬੁਲਾਰਿਆਂ ਦੀਆਂ ਰਚਨਾਵਾਂ ਤੋ ਬਾਅਦ ਸਭਾ ਦੇ ਸਹਿਯੋਗੀ ਮੈਂਬਰ ਅਤੇ ਸ਼ੁਭ ਚਿੰਤਕ ਮੈਂਬਰਾਂ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾ ਦੇ ਨਾਮ ਇਸ ਪ੍ਰਕਾਰ ਹਨ :-ਪਲਵਿੰਦਰ ਸਿੰਘ ਰੰਧਾਵਾ,ਰੂਪਿੰਦਰ ਖਹਿਰਾ ਰੂਪੀ,ਪਾਲ ਵੜੈਚ (ਸਰਦਾਰ ਟੀ.ਵੀ.) ਹਰਪਾਲ ਸਿੰਘ ਬਰਾੜ, ਹਰਚੰਦ ਸਿੰਘ ਗਿੱਲ,ਅੰਤਰ ਪੰਮਾ,ਹਰਦਮ ਸਿੰਘ ਮਾਨ,ਇੰਡੋ-ਕਨੇਡੀਅਨ ਟਾਈਮਜ਼,ਸੰਤੋਖ ਸਿੰਘ ਮੰਡੇਰ ,ਰਛਪਾਲ ਸਿੰਘ ਗਿੱਲ, ਰਵੀ ਸਿੰਘ ਚੀਮਾ, ਪਰਦੇਸੀ ਰੈਸਟੋਰੈਂਟ ਦੇ ਮਾਲਿਕ ਮੇਜ਼ਰ ਸਿੰਘ ਜੌਹਲ ਜੋ ਕਿ ਹਮੇਸ਼ਾ ਗਰਮ-ਗਰਮ ਚਾਹ,ਪਕੌੜੇ ਅਤੇ ਮਿਠਾਈ ਨਾਲ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਲਈ ਸੇਵਾ ਦਾ ਮਾਣ ਬਖ਼ਸ਼ਦੇ ਹਨ।

ਉਪਰੰਤ ਕਵੀ ਦਰਬਾਰ ਵਿੱਚ ਸਭ ਕਵੀਆਂ ਨੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ, ਵਿਚਾਰ ਅਤੇ ਕਵਿਤਾਵਾਂ ਪੇਸ਼ ਕੀਤੀਆਂ:-ਪਲਵਿੰਦਰ ਸਿੰਘ ਰੰਧਾਵਾ,ਸੁਰਿੰਦਰ ਸਿੰਘ ਜਬਲ(ਧਾਰਮਿਕ ਕਵਿਤਾ) ,ਨਰਿੰਦਰ ਸਿੰਘ ਬਾਹੀਆ -ਧਾਰਮਿਕ ਗੀਤ ਤਰਨੰਮ ਵਿੱਚ, ਦਵਿੰਦਰ ਕੌਰ ਜੌਹਲ ਤਰਨੰਮ ਵਿੱਚ ਸਾਹਿਬਜ਼ਾਦਿਆਂ ਤੇ ਗੀਤ,ਖੁਸ਼ਹਾਲ ਗਲੋਟੀ (ਧਾਰਮਿਕ ਗੀਤ),ਬਲਬੀਰ ਸੰਘਾ ਧਾਰਮਿਕ ਵਿਚਾਰ,ਪ੍ਰਿਥੀਪਾਲ ਸੋਹੀ ਅਗਾਹ ਵਧੂ ਵਿਚਾਰ,ਦਵਿੰਦਰ ਬਚੜਾ (ਸਦਾਚਾਰਕ ਕਵਿਤਾ) ,ਦਰਸ਼ਨ ਸੰਘਾ -ਧਾਰਮਿਕ ਕਵਿਤਾ , ਬਿਕੱਰ ਸਿੰਘ ਖੋਸਾ-ਵਿਚਾਰ,ਰਣਜੀਤ ਸਿੰਘ ਨਿੱਜਰ -ਧਾਰਮਿਕ ਗੀਤ,ਸੁਖਵਿੰਦਰ ਕੌਰ ਸਿੱਧੂ (ਧਾਰਮਿਕ ਕਵਿਤਾ) ਇੰਦਰਜੀਤ ਸਿੰਘ ਧਾਮੀ-ਧਾਰਮਿਕ ਕਵਿਤਾ,ਨਰਿੰਦਰ ਸਿੰਘ ਪੰਨੂ-ਵਿਚਾਰ, ਹਰਚੰਦ ਸਿੰਘ ਗਿੱਲ( ਧਾਰਮਿਕ ਕਵਿਤਾ), ਅਮਰੀਕ ਪਲਾਹੀ- ਧਾਰਮਿਕ ਵਿਚਾਰ, ਮਨਜੀਤ ਮੱਲ੍ਹਾ-ਧਾਰਮਿਕ ਗੀਤ,ਹਰਪਾਲ ਸਿੰਘ ਬਰਾੜ(ਪ੍ਰਧਾਨ ਸੀਨੀਅਰ ਸੈਂਟਰ -ਕਵਿਤਾ, ਇੰਦਰਪਾਲ ਸਿੰਘ ਸੰਧੂ -ਧਾਰਮਿਕ ਵਿਚਾਰ, ਹਰਦਮ ਸਿੰਘ ਮਾਨ -ਧਾਰਮਿਕ ਗ਼ਜ਼ਲ, ਸੁਖਵਿੰਦਰ ਕੌਰ ਸਿੱਧੂ ਪੰਜਾਬ ਤੋਂ ਧਾਰਮਿਕ ਰਚਨਾ,ਸੁਰਜੀਤ ਸਿੰਘ ਮਾਧੋਪੁਰੀ-ਧਾਰਮਿਕ ਗੀਤ ਅਤੇ ਹਾਜ਼ਰ ਸਰੋਤਿਆਂ ਵਿੱਚ ਸ਼ਾਮਿਲ ਕ੍ਰਿਸ਼ਨ ਭਨੋਟ,ਰਛਪਾਲ ਗਿੱਲ,ਬੇਅੰਤ ਸਿੰਘ ਢਿੱਲੋਂ, ਗੁਰਮਿੰਦਰ ਸਹੋਤਾ,ਅੰਤਰ ਪੰਮਾ,ਰਵੀ ਚੀਮਾ,ਲਖਵਿੰਦਰ ਗਿੱਲ ਅਤੇ ਸੰਤੋਖ ਸਿੰਘ ਮੰਡੇਰ ਨੇ ਪ੍ਰੋਗਰਾਮ ਨੂੰ ਚਾਰ ਚੰਨ ਲਾਏ।

ਅੰਤ ਵਿੱਚ ਸਮਾਗਮ ਨੂੰ ਸਮੇਟਦਿਆਂ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਹਾਜ਼ਰ ਸਰੋਤਿਆਂ ਦਾ ਤਹਿ ਦਿਲੋਂ ਸਭ ਦਾ ਸ਼ੁਕਰਾਨਾ ਕੀਤਾ ਗਿਆ। ਇਹ ਇੱਕ ਵਿਲੱਖਣ ਸਮਾਗਮ ਹੋ ਨਿਬੜਿਆ।


GOLDEN STAR PAINTING

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ
ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ
ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ। ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331

ਪਰਮਜੀਤ ਪਰਮਾਰ:604-889-1738

# ਬੀਸੀ ਦੀਆਂ ਸਿੱਖ ਸੁਸਾਇਟੀਆਂ ਵੱਲੋਂ ਮੰਗ ਪੱਤਰ ਦੇਣ ਤੋਂ ਬਾਅਦ ਕੈਨੇਡੀਅਨ ਲੋਕਾਂ ਲਈ, ਭਾਰਤ ਸਰਕਾਰ ਨੇ ਸ਼ੁਰੂ ਕੀਤੀ ਈ-ਵੀਜ਼ਾ ਸਹੂਲਤ

ਵੈਨਕੂਵਰ:ਅਜੇ ਕੁਝ ਦਿਨ ਪਹਿਲਾਂ ਹੀ ਬ੍ਰਿਟਿਸ਼ ਕੋਲੰਬੀਆ ਦੀਆਂ 23 ਗੁਰਦੁਆਰਾ ਸੁਸਾਇਟੀਆਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਈ-ਵੀਜ਼ਾ ਅਤੇ 10 ਸਾਲ ਦੇ ਵੀਜ਼ੇ ਨੂੰ ਜਲਦੀ ਤੋਂ ਜਲਦੀ ਬਹਾਲ ਕੀਤਾ ਜਾਵੇ ਅਤੇ ਵੈਨਕੂਵਰ ਤੋਂ ਅੰਮ੍ਰਿਤਸਰ ਜਾਂ ਚੰਡੀਗੜ੍ਹ ਵਿਚਕਾਰ ਉਡਾਣਾਂ ਸ਼ੁਰੂ ਕੀਤੀਆਂ ਜਾਣ। ਗੁਰਦੁਆਰਾ ਸੁਸਾਇਟੀਆਂ ਦੇ ਨੁਮਾਇੰਦਿਆਂ ਨੇ 28 ਨਵੰਬਰ ਨੂੰ ਵੈਨਕੂਵਰ ਵਿੱਚ ਭਾਰਤੀ ਕੌਂਸਲ ਜਨਰਲ ਸ੍ਰੀ ਮਨੀਸ਼ ਨਾਲ ਮੁਲਾਕਾਤ ਕੀਤੀ ਸੀ ਅਤੇ ਮਲਕੀਅਤ ਸਿੰਘ ਧਾਮੀ (ਪ੍ਰਧਾਨ, ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ) ਰਾਹੀਂ ਇਕ ਪੱਤਰ 30 ਨਵੰਬਰ ਨੂੰ ਭੇਜਿਆ ਗਿਆ ਸੀ ਜੋ ਉਨ੍ਹਾਂ ਨੇ ਇਸ ਹਫ਼ਤੇ ਮੀਡੀਆ ਨੂੰ ਜਾਰੀ ਕੀਤਾ ਸੀ। ਇਸ ਵਿੱਚੋਂ ਈ ਵੀਜ਼ਾ ਦੀ ਮੰਗ ਸਰਕਾਰ ਨੇ ਤਰੁੰਤ ਮੰਨ ਲਈ ਅਤੇ ਭਾਰਤੀ ਹਾਈ ਕਮਿਸ਼ਨ ਨੇ ਦੱਸਿਆ ਕਿ ਕੈਨੇਡਾ ਦੇ ਪਾਸਪੋਰਟ ਧਾਰਕਾਂ ਲਈ ਈ-ਵੀਜ਼ਾ ਸਹੂਲਤ ਤੁਰੰਤ ਪ੍ਰਭਾਵ ਨਾਲ ਬਹਾਲ ਕੀਤੀ ਜਾਂਦੀ ਹੈ। ਓਟਾਵਾ 'ਚ ਭਾਰਤੀ ਹਾਈ ਕਮਿਸ਼ਨ ਨੇ ਇਕ ਬਿਆਨ 'ਚ ਕਿਹਾ ਕਿ ਕੈਨੇਡੀਅਨ ਪਾਸਪੋਰਟ ਧਾਰਕਾਂ ਲਈ ਇਹ ਸਹੂਲਤ 20 ਦਸੰਬਰ, 2022 ਤੋਂ ਬਹਾਲ ਕਰ ਦਿੱਤੀ ਗਈ ਹੈ।

ਬਿਆਨ 'ਚ ਕਿਹਾ ਗਿਆ ਹੈ ਕਿ ਕੈਨੇਡੀਅਨ ਪਾਸਪੋਰਟ ਧਾਰਕ, ਜੋ ਸੈਰ-ਸਪਾਟਾ, ਕਾਰੋਬਾਰ, ਸਿਹਤ ਜਾਂ ਸੰਮੇਲਨ ਲਈ ਭਾਰਤ ਆਉਣਾ ਚਾਹੁੰਦੇ ਹਨ,'ਤੇ ਈ-ਵੀਜ਼ਾ ਲਈ ਅਪਲਾਈ ਕਰ ਸਕਦੇ ਹਨ। ਹਾਈ ਕਮਿਸ਼ਨ ਨੇ ਕਿਹਾ ਕਿ ਕੈਨੇਡੀਅਨ ਪਾਸਪੋਰਟ ਧਾਰਕ ਕਿਸੇ ਵੀ ਉਦੇਸ਼ ਲਈ ਭਾਰਤ ਦੀ ਯਾਤਰਾ ਕਰਨਾ ਚਾਹੁੰਦੇ ਹਨ, ਜੋ ਈ-ਵੀਜ਼ਾ ਲਈ ਯੋਗ ਨਹੀਂ ਹਨ, ਉਹ ਪੇਪਰ ਵੀਜ਼ਾ ਲਈ ਅਰਜ਼ੀ ਦੇ ਸਕਦੇ ਹਨ। ਇਹੀ ਪ੍ਰਕਿਰਿਆ ਲੇਸੀਜ਼-ਪਾਸ ਯਾਤਰਾ ਦਸਤਾਵੇਜ਼ਾਂ ਦੇ ਧਾਰਕਾਂ 'ਤੇ ਲਾਗੂ ਹੁੰਦੀ ਹੈ। ਇਸ ਤੋਂ ਇਲਾਵਾ ਭਾਰਤੀ ਹਾਈ ਕਮਿਸ਼ਨ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਕੈਨੇਡਾ 'ਚ ਵੱਖ-ਵੱਖ ਬੀ. ਐੱਲ. ਐੱਸ. ਕੇਂਦਰਾਂ ਰਾਹੀਂ ਵੀਜ਼ਾ ਲਈ ਅਰਜ਼ੀ ਦਿੱਤੀ ਹੈ, ਉਹ ਇਸ ਦੇ ਜਾਰੀ ਹੋਣ ਦੀ ਉਡੀਕ ਕਰਨ।

ਚੇਤੇ ਰਹੇ ਕਿ 23 ਗੁਰਦੁਆਰਾ ਸੁਸਾਇਟੀਆਂ ਨੇ ਆਪਣੇ ਪੱਤਰ ਰਾਹੀਂ ਮੰਗ ਕੀਤੀ ਸੀ ਕਿ ਜਿੰਨੀ ਜਲਦੀ ਹੋ ਸਕੇ ਈ-ਵੀਜ਼ਾ ਅਤੇ ਦਸ ਸਾਲ ਦੇ ਵੀਜ਼ੇ ਨੂੰ ਬਹਾਲ ਕੀਤਾ ਜਾਵੇ ਤਾਂ ਜੋ ਭਾਰਤ ਆਉਣ ਦੀ ਯੋਜਨਾ ਬਣਾ ਰਹੇ ਲੋਕ ਲੰਬੀ ਉਡੀਕ, ਨਿਰਾਸ਼ਾ ਅਤੇ ਸੰਬੰਧਿਤ ਸਮੱਸਿਆਵਾਂ ਤੋ ਬਚ ਸਕਣ। ਇਸ ਪੱਤਰ ਰਾਹੀਂ ਭਾਰਤੀ ਕੌਂਸਲੇਟ ਜਨਰਲ ਅਤੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਕੈਨੇਡਾ ਵਿੱਚ ਜਨਤਕ ਸੇਵਾ ਵਿੱਚ ਲੱਗੇ ਲੋਕਾਂ ਦੀ ਫਾਰਮ ਏ ਦੀ ਲੋੜ ਨੂੰ ਖਤਮ ਕੀਤਾ ਜਾਵੇ। ਇਹ ਵਾਧੂ ਲੋੜ ਬਸ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਲਮਕਾਉਂਦੀ ਹੈ। ਇਹ ਵੀ ਮੰਗ ਕੀਤੀ ਗਈ ਹੇ ਕਿ ਬੀਐਲਐਸ (ਇੰਡੀਆ ਵੀਜ਼ਾ ਐਪਲੀਕੇਸ਼ਨ ਸੈਂਟਰ) ਵਿਚ ਸਟਾਫ ਦੀ ਗਿਣਤੀ ਵਧਾਉਣ ਲਈ ਕਾਰਵਾਈ ਕੀਤੀ ਜਾਵੇ ਤਾਂ ਜੋ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਵਿੱਚ ਹੋ ਰਹੀ ਦੇਰੀ ਨੂੰ ਘਟਾਇਆ ਜਾ ਸਕੇ।






ਇਨ੍ਹਾਂ ਸੁਸਾਇਟੀਆਂ ਦੇ ਨੁਮਾਇੰਦਿਆਂ ਨੇ ਭਾਰਤੀ ਕੌਂਸਲੇਟ ਜਨਰਲ ਅਤੇ ਭਾਰਤ ਸਰਕਾਰ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਕੈਨੇਡਾ ਅਤੇ ਭਾਰਤ ਵਿਚਕਾਰ ਯਾਤਰੀਆਂ ਲਈ ਉਪਲਬਧ ਏਅਰਲਾਈਨਾਂ ਨੂੰ ਵੈਨਕੂਵਰ ਤੋਂ ਅੰਮ੍ਰਿਤਸਰ ਅਤੇ/ਜਾਂ ਚੰਡੀਗੜ੍ਹ ਵਿਚਕਾਰ ਜਿੰਨੀ ਜਲਦੀ ਹੋ ਸਕੇ ਆਪਣੀਆਂ ਸੇਵਾਵਾਂ ਸ਼ੁਰੂ ਕਰਨ ਲਈ ਕਿਹਾ ਜਾਵੇ।

ਇਸ ਪੱਤਰ ਲਿਖਣ ਵਾਲੀਆਂ ਗੁਰਦੁਆਰਾ ਸੁਸਾਇਟੀਆਂ ਵਿਚ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ, ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ, ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ, ਗੁਰਦੁਆਰਾ ਸਾਹਿਬ ਬਰੁਕਸਾਈਡ (ਸਰੀ), ਸ੍ਰੀ ਗੁਰੂ ਰਵਿਦਾਸ ਸਭਾ (ਬਰਨਬੀ), ਗੁਰਦੁਆਰਾ ਨਾਨਕ ਨਿਵਾਸ (ਰਿਚਮੰਡ), ਖਾਲਸਾ ਦੀਵਾਨ ਸੁਸਾਇਟੀ ਯੌਰਕ ਸੈਂਟਰ (ਸਰੀ), ਗੁਰਵਾਰਾ ਸ਼ੇਰੇ ਪੰਜਾਬ ਬੀਅਰ ਕਰੀਕ ਗੁਰਦੁਆਰਾ (ਸਰੀ); ਗੁਰੂ ਗੋਬਿੰਦ ਸਿੰਘ ਦਰਬਾਰ (ਪ੍ਰਿੰਸ ਜਾਰਜ); ਗੁਰੂ ਨਾਨਕ ਸਿੱਖ ਟੈਂਪਲ (ਵਿਲੀਅਮਜ਼ ਲੇਕ), ਕੈਰੀਬੂ ਗੁਰਸਿੱਖ ਗੁਰਦਵਾਰਾ (ਕੁਨੈਲ), ਵੈਨਕੂਵਰ ਆਈਲੈਂਡ ਸਿੱਖ ਕਲਚਰਲ ਸੁਸਾਇਟੀ (ਡੰਕਨ), ਓਕਾਨਾਗਨ ਸਿੱਖ ਟੈਂਪਲ (ਕੈਲੋਨਾ), ਮਿਸ਼ਨ ਸਿੱਖ ਟੈਂਪਲ (ਮਿਸ਼ਨ), ਗੁਰਦੁਆਰਾ ਸਾਹਿਬ-ਮੀਰੀ-ਪੀਰੀ ਖਾਲਸਾ ਦਰਬਾਰ, ਖਾਲਸਾ ਦੀਵਾਨ ਸੁਸਾਇਟੀ ਸਿੱਖ ਟੈਂਪਲ (ਵਿਕਟੋਰੀਆ), ਖਾਲਸਾ ਦੀਵਾਨ ਸੋਸਾਇਟੀ ਨੈਨਈਮੋ, ਗੁਰੂ ਨਾਨਕ ਸਿੱਖ ਸੁਸਾਇਟੀ (ਕੈਂਬਲ ਰਿਵਰ), ਗੁਰਦਵਾਰਾ ਬਾਬਾ ਨਾਨਕ ਸੁਸਾਇਟੀ (ਸੁਕਾਮਿਸ਼); ਸਿੱਖ ਕਲਚਰਲ ਸੁਸਾਇਟੀ (ਕੈਮਲੂਪਸ), ਮੈਰਿਟ ਸਿੱਖ ਗੁਰਦਵਾਰਾ (ਮੈਰਿਟ), ਅਲਬਰਨੀ ਵੈਲੀ ਗੁਰਦੁਆਰਾ ਸੁਸਾਇਟੀ (ਪੋਰਟ ਅਲਬਰਨੀ) ਅਤੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ (ਸਰੀ) ਸ਼ਾਮਲ ਹਨ।

## ਵਿਦੇਸ਼ਾਂ 'ਚ ਰਹਿੰਦੇ ਅਪਰਾਧੀ

ਹੀਰਿਆਂ ਦੇ ਵਪਾਰੀ ਨੀਰਵ ਮੋਦੀ 'ਤੇ ਪੰਜਾਬ ਨੈਸ਼ਨਲ ਬੈਂਕ ਨਾਲ 13,500 ਕਰੋੜ ਰੁਪਏ ਦਾ ਘਪਲਾ ਕਰਨ ਦੇ ਦੋਸ਼ ਹਨ। ਉਸ ਨੇ ਮੁੰਬਈ ਵਿਚ ਹਜ਼ਾਰਾਂ ਕਰੋੜ ਰੁਪਏ ਦੀ ਜਾਇਦਾਦ ਖ਼ਰੀਦੀ ਅਤੇ ਊਰਜਾ ਦੇ ਖੇਤਰ ਵਿਚ ਵੀ ਨਿਵੇਸ਼ ਕੀਤਾ। ਉਸ ਨੇ ਗ਼ੈਰ-ਕਾਨੂੰਨੀ ਤਰੀਕੇ ਨਾਲ ਪੈਸੇ ਆਪਣੀਆਂ ਕੰਪਨੀਆਂ ਵਿਚੋਂ ਕੱਢ ਕੇ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕੀਤੇ। ਫਰਵਰੀ 2018 ਵਿਚ ਕੇਂਦਰੀ ਜਾਂਚ ਬਿਊਰੋ (ਨੇ ਉਸ 'ਤੇ ਪੰਜਾਬ ਨੈਸ਼ਨਲ ਬੈਂਕ ਦੇ ਕਰਜ਼ੇ ਵਿਚ ਧੋਖਾਧੜੀ ਕਰਨ ਦੇ ਦੋਸ਼ਾਂ ਹੇਠ ਤਫ਼ਤੀਸ਼ ਸ਼ੁਰੂ ਕੀਤੀ।

ਨੀਰਵ ਮੋਦੀ ਨੇ ਦੋਸ਼ ਲਗਾਇਆ ਸੀ ਕਿ ਬੈਂਕਾਂ ਦੀ ਸ਼ਿਕਾਇਤ ਅਤੇ ਸੀਬੀਆਈ ਦੀ ਤਫ਼ਤੀਸ਼ ਕਾਰਨ ਉਸ ਦੇ ਬਰਾਂਡ ਨੂੰ ਵੱਡਾ ਨੁਕਸਾਨ ਪਹੁੰਚਿਆ ਅਤੇ ਉਸ ਦਾ ਕਾਰੋਬਾਰ ਤਬਾਹ ਹੋ ਗਿਆ ਹੈ। ਭਗੌੜਾ ਹੋਇਆ ਨੀਰਵ ਮੋਦੀ ਜੂਨ 2018 ਵਿਚ ਇੰਗਲੈਂਡ ਪਹੁੰਚ ਗਿਆ। 25 ਫਰਵਰੀ 2021 ਨੂੰ ਇੰਗਲੈਂਡ ਦੀ ਇਕ ਅਦਾਲਤ ਨੇ ਭਾਰਤ ਸਰਕਾਰ ਦੀ ਉਸ ਨੂੰ ਵਾਪਸ ਭੇਜਣ ਦੀ ਪਟੀਸ਼ਨ ਨੂੰ ਮਨਜ਼ੂਰ ਕਰਦਿਆਂ ਉਸ ਦੀ ਭਾਰਤ ਵਾਪਸੀ ਦੇ ਆਦੇਸ਼ ਦਿੱਤੇ। ਉਸ ਨੇ ਉਚੇਰੀਆਂ ਅਦਾਲਤਾਂ ਵਿਚ ਪਹੁੰਚ ਕੀਤੀ ਪਰ ਹੁਣ ਇੰਗਲੈਂਡ ਦੀ ਹਾਈ ਕੋਰਟ ਨੇ ਫ਼ੈਸਲਾ ਦਿੱਤਾ ਹੈ ਕਿ ਉਹ ਹੇਠਲੀ ਅਦਾਲਤ ਦੇ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਨਹੀਂ ਜਾ ਸਕਦਾ।

ਨੀਰਵ ਮੋਦੀ ਨੇ ਇਹ ਪਟੀਸ਼ਨ ਇਸ ਆਧਾਰ 'ਤੇ ਦਿੱਤੀ ਸੀ ਕਿ ਉਸ ਦੀ ਮਾਨਸਿਕ ਹਾਲਤ ਠੀਕ ਨਹੀਂ ਅਤੇ ਜੇ ਉਸ ਨੂੰ ਭਾਰਤ ਦੀ ਕਿਸੇ ਜੇਲ੍ਹ ਵਿਚ ਰੱਖਿਆ ਗਿਆ ਤਾਂ ਉਹ ਖ਼ੁਦਕੁਸ਼ੀ ਕਰ ਸਕਦਾ ਹੈ। ਹਾਈ ਕੋਰਟ ਨੇ ਦਲੀਲ ਨੂੰ ਗ਼ਲਤ ਕਰਾਰ ਦਿੰਦਿਆਂ ਕਿਹਾ ਕਿ ਜੇਲ੍ਹ ਅਧਿਕਾਰੀ ਉਸ ਦਾ ਖ਼ਿਆਲ ਰੱਖਣਗੇ। ਹਾਈ ਕੋਰਟ ਦੁਆਰਾ ਉਸ ਦੀ ਬੇਨਤੀ ਨਾਮਨਜ਼ੂਰ ਕਰਨ ਦਾ ਮਤਲਬ ਇਹ ਨਹੀਂ ਕਿ ਨੀਰਵ ਮੋਦੀ ਨੂੰ ਜਲਦੀ ਭਾਰਤ ਵਾਪਸ ਭੇਜ ਦਿੱਤਾ ਜਾਵੇਗਾ।

ਇੰਗਲੈਂਡ ਦੇ ਕਾਨੂੰਨ ਅਨੁਸਾਰ ਉਹ ਮਨੁੱਖੀ ਅਧਿਕਾਰਾਂ ਦੇ ਯੂਰਪੀ ਕਮਿਸ਼ਨ ਸਾਹਮਣੇ ਅਪੀਲ ਕਰ ਸਕਦਾ ਹੈ ਕਿਉਂਕਿ ਇੰਗਲੈਂਡ ਨੇ ਮਨੁੱਖੀ ਅਧਿਕਾਰਾਂ ਬਾਰੇ ਯੂਰੋਪੀਅਨ ਕਨਵੈਨਸ਼ਨ 'ਤੇ ਦਸਤਖ਼ਤ ਕੀਤੇ ਹੋਏ ਹਨ।

## (ਮੁੱਖ ਪੰਨੇ ਦੀ ਬਾਕੀ)

ਭਾਅ ਦੇ ਦੋ ਦੁਧਾਰੂ ਪਸ਼ੂ ਜ਼ਹਿਰ ਭਰਿਆ ਧਰਤੀ ਹੇਠਲਾ ਪਾਣੀ ਪੀ ਕੇ ਮਰ ਗਏ ਹਨ।ਅਸੀਂ 5 ਮਹੀਨਿਆਂ ਤੋਂ ਸ਼ਰਾਬ ਫੈਕਟਰੀ ਬੰਦ ਕਰਨ ਦੀ ਮੰਗ ਕਰ ਰਹੇ ਹਾਂ ਪਰ ਸਾਡੀ ਕੋਈ ਨਹੀਂ ਸੁਣਦਾ। ਅਸੀਂ ਕਿੱਧਰ ਨੂੰ ਜਾਈਏ, ਸਾਨੂੰ ਸਮਝ ਨਹੀਂ ਆ ਰਿਹਾ।" "ਸਾਂਝਾ ਮੋਰਚਾ ਐਕਸ਼ਨ ਕਮੇਟੀ" ਦੇ ਮੈਂਬਰ ਸੰਦੀਪ ਸਿੰਘ ਢਿੱਲੋਂ ਇਕ ਵੱਖਰੀ ਕਿਸਮ ਦੀ ਕਹਾਣੀ ਦੱਸਦੇ ਹਨ।ਉਹ ਕਹਿੰਦੇ ਹਨ, "ਸਾਨੂੰ ਤਾਂ ਕਿਹਾ ਗਿਆ ਸੀ ਕਿ ਮਨਸੂਰਵਾਲ 'ਚ ਘਿਓ ਦੀ ਫੈਕਟਰੀ ਲੱਗਣੀ ਹੈ। ਅਸੀਂ ਮੰਨ ਗਏ ਪਰ ਘਿਓ ਦੀ ਥਾਂ ਸ਼ਰਾਬ ਪੱਲੇ ਪੈ ਗਈ।"

ਜਦੋਂ ਇਸ ਫੈਕਟਰੀ ਬਾਬਤ ਉੱਠ ਰਹੇ ਸਵਾਲਾਂ ਬਾਰੇ ਪੰਜਾਬ ਸਰਕਾਰ ਅਤੇ ਵਿਭਾਗੀ ਅਧਿਕਾਰੀਆਂ ਨਾਲ ਗੱਲ ਕੀਤੀ ਗਈ ਤਾਂ ਇਹੀ ਜਵਾਬ ਮਿਲਿਆ ਕਿ "ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਅਧੀਨ ਹੈ, ਇਸ ਲਈ ਕੋਈ ਟਿੱਪਣੀ ਨਹੀਂ ਕਰ ਸਕਦੇ।"ਪੰਜਾਬ ਸਰਕਾਰ ਹਾਈ ਕੋਰਟ ਦੇ ਬਹਾਨੇ ਸਰਮਾਏਦਾਰਾਂ ਦਾ ਪੱਖ ਪੂਰ ਰਹੀ ਹੈ।"ਸਭ ਤੋਂ ਵੱਡੀ ਗੱਲ ਇੱਕ ਹੋਰ ਸਾਹਮਣੇ ਆਈ ਹੈ ਕੇ ਜਦੋਂ ਇਹ ਫੈਕਟਰੀ ਬਣੀ ਸੀ, ਉਦੋਂ ਇਥੋਂ ਦੇ ਸਥਾਨਕ ਲੋਕਾਂ ਦੀ ਰਾਇ ਨਹੀਂ ਲਈ ਗਈ।ਇਸ ਪੂਰੇ ਮਸਲੇ ਬਾਰੇ ਫੈਕਟਰੀ ਪ੍ਰਬੰਧਕਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਕੋਈ ਜਵਾਬ ਨਹੀਂ ਮਿਲਿਆ।


**Injured in an accident? ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa, *B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਐਬਸਫੋਰਡ ਪੁਲਿਸ ਵੱਲੋਂ ਬਜ਼ੁਰਗ ਜੋੜੇ ਦੇ ਕਤਲ ਸੰਬੰਧੀ ਤਿੰਨ ਪੰਜਾਬੀ ਨੌਜਵਾਨ ਗ੍ਰਿਫਤਾਰ

ਸਰੀ (ਹਰਦਮ ਮਾਨ)- ਐਬਸਫੋਰਡ ਵਿਚ ਮਈ ਮਹੀਨੇ ਵਿਚ ਹੋਏ ਇੱਕ ਬਜ਼ੁਰਗ ਜੋੜੇ ਦੇ ਕਤਲ ਦੇ ਸੰਬੰਧ ਵਿਚ ਪੁਲਿਸ ਵੱਲੋਂ ਤਿੰਨ ਪੰਜਾਬੀ ਨੌਜਵਾਨਾਂ ਨੂੰ ਹਿਰਾਸਤ ਵਿਚ ਲੈਣ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਹੈ ਅਤੇ ਉਨ੍ਹਾਂ ਉਪਰ ਫਸਟ ਡਿਗਰੀ ਕਤਲ ਦੇ ਦੋਸ਼ ਲਾਏ ਗਏ ਹਨ।ਐਬਸਫੋਰਡ ਪੁਲਿਸ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਕਤਲ ਕੀਤੇ ਜੋੜੇ ਦੀ ਪਛਾਣ ਐਬਟਸਫੋਰਡ ਦੇ ਰਹਿਣ ਵਾਲੇ 77 ਸਾਲਾ ਅਰਨੋਲਡ ਡੀ ਜੋਂਗ ਅਤੇ ਉਸ ਦੀ ਪਤਨੀ 76 ਸਾਲਾ ਜੋਏਨ ਡੀ ਜੋਂਗ ਵਜੋਂ ਹੋਈ ਸੀ, ਜਿਹਨਾਂ ਦੇ ਮ੍ਰਿਤਕ ਸਰੀਰ 9 ਮਈ 2022 ਨੂੰ ਐਬਸਫੋਰਡ ਦੇ ਆਰਕੇਡੀਅਨ ਵੇਅ ਦੇ 33600-ਬਲਾਕ ਵਿਚ ਉਨ੍ਹਾਂ ਦੀ ਰਿਹਾਇਸ਼ ਉੱਪਰ ਮਿਲੇ ਸਨ। ਪਤਾ ਲੱਗਿਆ ਹੈ ਕਿ ਉਹ ਇਕ ਲੋਕਲ ਟਰੱਕਿੰਗ ਕੰਪਨੀ ਦੇ ਮਾਲਕ ਸਨ।16 ਦਸੰਬਰ ਨੂੰ ਆਈਹਿਟ ਦੇ ਜਾਂਚ ਅਧਿਕਾਰੀਆਂ ਨੇ ਐਬਟਸਫੋਰਡ ਪੁਲਿਸ ਦੀ ਟੀਮ ਨਾਲ ਮਿਲ ਕੇ ਇਸ ਦੋਹਰੇ ਕਤਲ ਲਈ ਤਿੰਨ ਸ਼ੱਕੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਤਿੰਨੇ ਨੌਜਵਾਨ ਪੰਜਾਬੀ ਹਨ ਅਤੇ ਤਿੰਨੇ ਹੀ ਸਰੀ ਦੇ ਰਹਿਣ ਵਾਲੇ ਹਨ ਜਿਨ੍ਹਾਂ ਵਿਚ 20 ਸਾਲਾ ਗੁਰਕਰਨ ਸਿੰਘ, 22 ਸਾਲਾ ਅਭਿਜੀਤ ਸਿੰਘ ਅਤੇ 22 ਸਾਲਾ ਖੁਸ਼ਵੀਰ ਤੂਰ ਸ਼ਾਮਲ ਹਨ। ਇਨ੍ਹਾਂ ਤਿੰਨਾਂ ਖਿਲਾਫ ਪਹਿਲੇ ਦਰਜੇ ਦੇ ਕਤਲ ਦੇ ਦੋ ਦੋਸ਼ ਲਾਏ ਲਾਏ ਗਏ ਹਨ। ਇਹਨਾਂ ਵਲੋ ਬਜੁਰਗ ਜੋੜੇ ਦਾ ਕਤਲ ਕਿਉ ਕੀਤਾ ਗਿਆ, ਪੁਲਿਸ ਨੇ ਇਸ ਸਬੰਧੀ ਕੋਈ ਜਾਣਕਾਰੀ ਨਹੀ ਦਿੱਤੀ ਗਈ ਪਰ ਇਹ ਕਿਹਾ ਗਿਆ ਹੈ ਕਿ ਇਹਨਾਂ ਤਿੰਨਾਂ ਚੋ ਇਕ ਜਣਾ ਬਜੁਰਗ ਅਰਨੋਲਡ ਨੂੰ ਪਹਿਲਾਂ ਹੀ ਜਾਣਦਾ ਸੀ।ਇਸੇ ਦੌਰਾਨ ਐਬਟਸਫੋਰਡ ਪੁਲਿਸ ਚੀਫ ਮਾਈਕ ਸਰ ਨੇ ਬਜੁਰਗ ਜੋੜੇ ਦੇ ਕਾਤਲਾਂ ਦੀ ਗ੍ਰਿਫਤਾਰੀ ਲਈ ਲੋਕਾਂ ਵਲੋ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਕਿ ਬਜੁਰਗ ਜੋੜੇ ਦੇ ਕਤਲ ਕਾਰਣ ਕਮਿਊਨਿਟੀ ਵਿਚ ਡਰ ਤੇ ਸਹਿਮ ਵਾਲਾ ਮਾਹੌਲ ਬਣ ਗਿਆ ਸੀ। ਲੋਕਾਂ ਦੇ ਸਹਿਯੋਗ ਨਾਲ ਪੁਲਿਸ ਇਕ ਕਤਲ ਕਾਂਡ ਦੀ ਗੁਥੀ ਸੁਲਝਾਉਣ ਵਿਚ ਕਾਮਯਾਬ ਹੋਈ ਹੈ।



## ਵਿਸ਼ਵ ਹਿੰਦੂ ਪ੍ਰੀਸ਼ਦ ਦੀ ਮੰਗ

### ਤੀਰਥ ਸਥਾਨਾਂ ਲਈ ਵੱਖਰਾ ਮੰਤਰਾਲਾ ਬਣਾਓ

ਨਵੀਂ ਦਿੱਲੀ-ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਨੇ ਮੰਗਲਵਾਰ ਨੂੰ ਦੇਸ਼ ਭਰ ਵਿੱਚ ਤੀਰਥ ਸਥਾਨਾਂ ਦੇ ਵਿਕਾਸ ਲਈ ਇੱਕ ਵੱਖਰਾ ਮੰਤਰਾਲਾ ਬਣਾਉਣ ਦੀ ਮੰਗ ਕੀਤੀ ਹੈ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਸਹਿਯੋਗੀ ਸੰਗਠਨ ਨੇ ਹਰ ਰਾਜ 'ਚ ਅਜਿਹੇ ਮੰਤਰਾਲੇ ਦੀ ਮੰਗ ਕੀਤੀ ਹੈ।

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕੇਂਦਰੀ ਕਾਰਜਕਾਰੀ ਪ੍ਰਧਾਨ ਆਲੋਕ ਕੁਮਾਰ ਨੇ ਤੀਰਥ ਸਥਾਨਾਂ ਲਈ ਇੱਕ ਨਵਾਂ ਮੰਤਰਾਲਾ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਸੈਰ-ਸਪਾਟਾ ਕੇਂਦਰਾਂ ਵਾਂਗ ਵਿਕਸਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ 'ਕੁਦਰਤੀ ਤੌਰ 'ਤੇ ਬਹੁਤ ਵੱਖਰੇ' ਹੈ।


**AujLawZ** **Tax & Accounting Services**

• Reliable • Professional • Confidential

**(we provide first couple of month's service free)**

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

**Courses Started**
*Income Tax Preparation *Personal&Small business *Accounting Certificate *Pesticide Applicator *LLQP for Life Insurance Career

**Contact: Gurbachan Aujla**

**604-504-1657, 604-835-3693**

Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323






# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

***Good Paying Loads***

**Need Company Drivers**

*Single Driver Pay 52cents/mile*
*Team Drivers 32 cents/mile*



**FOR MORE INFORMATION CALL AT:**

**(604) 598-3680 Fax: 604-596-3681 Cell: 778-838-3680**

***#121-13140-80Ave Surrey, BC V3W 3B2***

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੌਮੀ ਦਸਤਾਰਬੰਦੀ ਸਮਾਗਮ ਦੌਰਾਨ 1300 ਬੱਚਿਆਂ ਨੂੰ ਸਜਾਈਆਂ ਦਸਤਾਰਾਂ

ਅੰਮ੍ਰਿਤਸਰ-ਸਿੱਖ ਨੌਜਵਾਨੀ ਅੰਦਰ ਦਸਤਾਰ ਦੀ ਮਹਾਨਤਾ ਉਜਾਗਰ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੌਮੀ ਦਸਤਾਰਬੰਦੀ ਸਮਾਗਮ ਕਰਵਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਜੱਥੇਬੰਦੀਆਂ ਦੇ ਸਹਿਯੋਗ ਨਾਲ ਹੋਏ ਇਸ ਸਮਾਗਮ ਮੌਕੇ 1300 ਬੱਚਿਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕਰਦਿਆਂ ਸਮੂਹਿਕ ਰੂਪ ਵਿਚ ਦਸਤਾਰਾਂ ਸਜਾ ਕੇ ਸਿੱਖੀ ਗੌਰਵ ਦਾ ਪ੍ਰਗਟਾਵਾ ਕੀਤਾ। ਸਮਾਗਮ ਦੀ ਅਰੰਭਤਾ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੁਝ ਬੱਚਿਆਂ ਨੂੰ ਦਸਤਾਰਾਂ ਸਜਾ ਕੇ ਸ਼ੁਰੂਆਤ ਕਰਵਾਈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਖਾਲਸੇ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ੀ ਗਈ ਦਸਤਾਰ ਸਿੱਖੀ ਦੇ ਗੌਰਵਮਈ ਵਿਰਸੇ ਦਾ ਪ੍ਰਤੀਕ ਹੈ। ਇਹ ਸਿੱਖਾਂ ਦੇ ਸਿਰ ਦਾ ਤਾਜ ਹੈ ਅਤੇ ਬਾਦਸ਼ਾਹਤ ਦੀ ਪ੍ਰਤੀਕ ਹੈ। ਇਸ ਮਹਾਨ ਵਿਰਸੇ ਨਾਲ ਆਪਣੀ ਨਵੀਂ ਪੀੜ੍ਹੀ ਨੂੰ ਜੋੜਨਾ ਕੌਮ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਇਸੇ ਮੰਤਵ ਨਾਲ ਹੀ ਅੱਜ ਦਾ ਦਸਤਾਰਬੰਦੀ ਸਮਾਗਮ ਕਰਵਾਇਆ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਪੰਜਾਬ ਵਿਚ ਦਸਤਾਰ ਦੇ ਅਲੋਪ ਹੋਣ ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਗੁਰੂ ਸਾਹਿਬਾਨਾਂ ਦੀ ਧਰਤੀ ਹੈ ਅਤੇ ਇਥੇ ਦੀਆਂ ਰਵਾਇਤਾਂ ਅਤੇ ਕਦਰਾਂ ਕੀਮਤਾਂ ਮਾਣਮੱਤੀਆਂ ਹਨ। ਉਨ੍ਹਾਂ ਆਖਿਆ ਕਿ ਸਿੱਖ ਬੱਚਿਆ ਦਾ ਸਾਬਤ ਸੂਰਤ ਹੋਣਾ, ਨਸ਼ਿਆਂ ਤੋਂ ਰਹਿਤ ਰਹਿਣਾ ਅਤੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਗੁਰਸਿੱਖ ਬਣਨਾ ਬਹੁਤ ਜ਼ਰੂਰੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਵਿਰਸੇ ਨੂੰ ਸੰਭਾਲਣ ਤੇ ਇਸ ਬਾਰੇ ਅਗਲੀ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ ਉਚੇਚੇ ਯਤਨਾਂ ਦੀ ਲੋੜ ਹੈ।

# ਭਾਰਤ ਦੀ ਸਰਗਮ ਕੌਸ਼ਲ ਨੇ ਜਿੱਤਿਆ ਮਿਸਿਜ਼ ਵਰਲਡ 2022 ਦਾ ਤਾਜ




ਨਵੀਂ ਦਿੱਲੀ- ਸਰਗਮ ਕੌਸ਼ਲ ਨੇ ਮਿਸਿਜ਼ ਵਰਲਡ 2022 ਦਾ ਖਿਤਾਬ ਜਿੱਤਿਆ ਹੈ, ਜੋ 63 ਦੇਸ਼ਾਂ ਦੀਆਂ ਮੁਕਾਬਲੇਬਾਜ਼ਾਂ 'ਚ ਜੇਤੂ ਬਣੀ ਹੈ। ਇਹ ਖਿਤਾਬ 21 ਸਾਲ ਬਾਅਦ ਭਾਰਤ ਪਰਤਿਆ ਹੈ। ਅਮਰੀਕਾ ਦੀ ਮਿਸਿਜ਼ ਵਰਲਡ 2021 ਸ਼ਾਇਲਿਨ ਫੋਰਡ ਨੇ ਸਨਿਚਰਵਾਰ ਸ਼ਾਮ ਵੈਸਟਗੇਟ ਲਾਸ ਵੇਗਾਸ ਰਿਜ਼ਾਰਟ ਐਂਡ ਕੈਸੀਨੋ 'ਚ ਕਰਵਾਏ ਇਕ ਸਮਾਰੋਹ 'ਚ ਮੁੰਬਈ ਦੀ ਕੌਸ਼ਲ ਨੂੰ ਤਾਜ ਪਹਿਨਾਇਆ। ਮਿਸਿਜ਼ ਪੋਲਿਨੇਸ਼ੀਆ ਨੂੰ ਫਸਟ ਰਨਰ ਅਪ (ਉਪ ਜੇਤੂ) ਅਤੇ ਉਸ ਦੇ ਬਾਅਦ ਮਿਸਿਜ਼ ਕੈਨੇਡਾ ਨੂੰ 'ਸੈਕੇਂਡ ਰਨਰ ਅੱਪ' (ਦੂਸਰੀ ਉਪ ਜੇਤੂ) ਐਲਾਨਿਆ ਗਿਆ। ਮਿਸਿਜ਼ ਇੰਡੀਆ ਪੇਜੈਂਟ ਨੇ ਐਤਵਾਰ ਨੂੰ ਆਪਣੇ ਅਧਿਕਾਰਕ ਇੰਸਟਾਗ੍ਰਾਮ ਪੇਜ਼ 'ਤੇ ਜੇਤੂ ਦਾ ਐਲਾਨ ਕੀਤਾ। ਪੋਸਟ 'ਚ ਕਿਹਾ ਗਿਆ ਕਿ ਲੰਬਾ ਇੰਤਜ਼ਾਰ ਖਤਮ ਹੋ ਗਿਆ ਹੈ। 21 ਸਾਲ ਬਾਅਦ ਸਾਡੇ ਕੋਲ ਖਿਤਾਬ ਵਾਪਸ ਆ ਗਿਆ ਹੈ। ਪ੍ਰੋਗਰਾਮ ਦੇ ਬਾਅਦ ਇਕ ਵੀਡੀਓ 'ਚ ਜੰਮੂ ਕਸ਼ਮੀਰ ਦੀ ਰਹਿਣ ਵਾਲੀ ਮਿਸਿਜ਼ ਵਰਲਡ ਨੇ ਕਿਹਾ, ਸਾਨੂੰ 21-22 ਸਾਲ ਬਾਅਦ ਤਾਜ ਵਾਪਸ ਮਿਲ ਗਿਆ ਹੈ। ਮੈਂ ਬਹੁਤ ਉਤਸ਼ਾਹਿਤ ਹਾਂ।

# ਸੁਪਰੀਮ ਕੋਰਟ ਵੱਲੋਂ 6,844 ਕੇਸਾਂ ਦਾ ਨਿਬੇੜਾ

ਨਵੀਂ ਦਿੱਲੀ;-ਚੀਫ ਜਸਟਿਸ ਡੀ.ਵਾਈ. ਚੰਦਰਚੂੜ ਵੱਲੋਂ ਸੁਪਰੀਮ ਕੋਰਟ ਦਾ ਕਾਰਜਭਾਰ ਸੰਭਾਲਣ ਤੋਂ ਲੈ ਕੇ ਇੱਕ ਮਹੀਨੇ ਤੋਂ ਕੁਝ ਵੱਧ ਸਮੇਂ ਵਿੱਚ ਸਿਖਰਲੀ ਅਦਾਲਤ ਨੇ 6,844 ਕੇਸਾਂ ਦਾ ਨਿਬੇੜਾ ਕੀਤਾ ਹੈ। ਇਨ੍ਹਾਂ ਵਿੱਚ 2,511 ਜ਼ਮਾਨਤ ਅਤੇ ਟਰਾਂਸਫਰ ਪਟੀਸ਼ਨਾਂ ਹਨ।

ਇਹ ਜਾਣਕਾਰੀ ਸੂਤਰਾਂ ਨੇ ਦਿੱਤੀ। ਦੱਸਣਯੋਗ ਹੈ ਕਿ ਜਸਟਿਸ ਚੰਦਰਚੂੜ ਨੇ 9 ਨਵੰਬਰ ਨੂੰ ਚੀਫ ਜਸਟਿਸ ਵਜੋਂ ਅਹੁਦਾ ਸੰਭਾਲਿਆ ਸੀ।









# 36 ਸਾਲ ਬਾਅਦ ਅਰਜਨਟੀਨਾ ਨੇ ਫੀਫਾ ਕੱਪ ਜਿੱਤਿਆ







ਲਿਓਨਲ ਮੈਸੀ ਦਾ ਜਨਮ 1987 ਵਿਚ ਹੋਇਆ ਸੀ ਅਤੇ ਅਰਜਨਟੀਨਾ ਨੇ ਉਸ ਤੋਂ ਇੱਕ ਸਾਲ ਪਹਿਲਾਂ ਫੀਫਾ ਕੱਪ ਆਪਣੇ ਨਾਂ ਕੀਤਾ ਸੀ। ਉਸ ਵੇਲੇ ਡਿਆਗੋਂ ਮਾਰਾਡੋਨਾ ਅਰਜਨਟੀਨਾ ਦੀ ਅਗਵਾਈ ਕਰ ਰਹੇ ਸਨ। ਜਦੋਂ ਉਨ੍ਹਾਂ ਇਹ ਫਾਇਨਲ ਮੁਕਾਬਲਾ ਜਿੱਤਿਆ ਤਾਂ ਉਹ ਇੰਨੇ ਭਾਵੁਕ ਹੋ ਗਏ ਕਿ ਮੈਦਾਨ ਵਿਚ ਹੀ ਰੋਣ ਲੱਗੇ। ਸਾਢੇ ਤਿੰਨ ਦਹਾਕੇ ਦੇ ਵਖ਼ਵੇ ਤੋਂ ਬਾਅਦ ਅਰਜਨਟੀਨਾ ਦੀ ਜਿੱਤ ਦਾ ਸੋਕਾ ਖ਼ਤਮ ਹੋਇਆ ਹੈ। ਫੁੱਟਬਾਲ ਦਾ ਪਹਿਲਾ ਵਿਸ਼ਵ ਕੱਪ ਮੁਕਾਬਲਾ ਸਾਲ 1930 ਵਿੱਚ ਹੋਇਆ ਸੀ ਅਤੇ ਇਸ ਮੁਕਾਬਲੇ 'ਚ ਉਰਗੁਏ ਨੇ ਜਿੱਤ ਹਾਸਿਲ ਕੀਤੀ ਸੀ। ਇਸ ਜਿੱਤ ਦੇ ਨਾਲ ਹੀ ਉਰਗੁਏ ਫੁੱਟਬਾਲ ਵਿਸ਼ਵ ਕੱਪ ਜਿੱਤਣ ਵਾਲਾ ਪਹਿਲਾ ਦੇਸ਼ ਬਣ ਗਿਆ।

ਉਦੋਂ ਤੋਂ ਹੁਣ ਤੱਕ ਫੁੱਟਬਾਲ ਵਿਸ਼ਵ ਕੱਪ ਟੂਰਨਾਮੈਂਟ ਹਰ ਚਾਰ ਸਾਲ ਬਾਅਦ ਹੁੰਦਾ ਹੈ। ਸੰਨ 1930 ਵਿੱਚ ਪਹਿਲੇ ਵਿਸ਼ਵ ਕੱਪ ਮੁਕਾਬਲੇ ਦੇ ਫਾਇਨਲ ਵਿੱਚ ਉਰੂਗਵੇ ਨੇ ਅਰਜਨਟੀਨਾ ਤੇ 4-2 ਨਾਲ ਜਿੱਤ ਦਰਜ ਕੀਤੀ। ਸੰਨ 1934 ਦਾ ਫੀਫਾ ਵਿਸ਼ਵ ਕੱਪ ਇਟਲੀ ਨੇ ਜਿੱਤਿਆ। ਸੰਨ 1938 ਵਿੱਚ ਫੁੱਟਬਾਲ ਵਿਸ਼ਵ ਕੱਪ ਫਾਈਨਲ ਇਟਲੀ ਨੇ ਹੰਗਰੀ ਨੂੰ 4-2 ਨਾਲ ਹਰਾਇਆ। ਦੂਜੇ ਵਿਸ਼ਵ ਯੁੱਧ ਦੇ ਦੌਰਾਨ 1942 ਅਤੇ 1946 ਦੇ ਦੋ ਟੂਰਨਾਮੈਂਟ ਨਹੀਂ ਹੋ ਸਕੇ ਸਨ।

ਸੰਨ 1950 ਵਿੱਚ ਉਰੂਗੁਏ ਦੀ ਟੀਮ ਨੇ 200,000 ਦਰਸ਼ਕਾਂ ਨਾਲ ਭਰੇ ਮੈਦਾਨ ਵਿੱਚ ਬ੍ਰਾਜ਼ੀਲ ਨੂੰ 2-1 ਨਾਲ ਹਰਾ ਕੇ ਫੁੱਟਬਾਲ ਵਿਸ਼ਵ ਕੱਪ 'ਤੇ ਕਬਜ਼ਾ ਕੀਤਾ।

ਸੰਨ 1954: ਸਵਿਟਜ਼ਰਲੈਂਡ ਵਿੱਚ ਵਿਸ਼ਵ ਕੱਪ ਤੇ ਜਰਮਨੀ ਨੇ ਕਬਜ਼ਾ ਕੀਤਾ। ਸੰਨ 1958 ਵਿੱਚ ਇਸ ਵਿਸ਼ਵ ਕੱਪ 'ਚ ਬ੍ਰਾਜ਼ੀਲ ਨੇ ਮੇਜ਼ਬਾਨ ਸਵੀਡਨ ਨੂੰ 5-2 ਨਾਲ ਹਰਾ ਕੇ ਆਪਣਾ ਪਹਿਲਾ ਖਿਤਾਬ ਜਿੱਤਿਆ। ਸੰਨ 1962 ਵਿੱਚ ਬ੍ਰਾਜ਼ੀਲ ਨੇ ਫਿਰ ਚੈਕੋਸਲੋਵਾਕੀਆ ਨੂੰ ਫਾਇਨਲ 3-1 ਨਾਲ ਹਰਾ ਕੇ ਵਿਸ਼ਵ ਕੱਪ ਜਿੱਤਿਆ ਸੀ। ਸੰਨ 1966 ਵਿੱਚ ਇੰਗਲੈਂਡ ਨੇ ਪੱਛਮੀ ਜਰਮਨੀ ਨੂੰ 4-2 ਨਾਲ ਹਰਾਉਣ ਤੋਂ ਬਾਅਦ ਵਿਸ਼ਵ ਕੱਪ ਜਿੱਤਿਆ। ਸੰਨ 1978 ਵਿੱਚ ਅਰਜਨਟੀਨਾ ਨੇ ਨੀਦਰਲੈਂਡਜ਼ ਖ਼ਿਲਾਫ਼ 3-1 ਨਾਲ ਮੈਚ ਜਿੱਤ ਕੇ ਪਹਿਲਾ ਵਿਸ਼ਵ ਕੱਪ ਆਪਣੇ ਨਾਮ ਕੀਤਾ। ਸੰਨ 1986 ਵਿੱਚ ਅਰਜਨਟੀਨਾ ਨੇ ਪੱਛਮੀ ਜਰਮਨੀ ਵਿਰੁੱਧ ਫਾਈਨਲ ਮੈਚ ਜਿੱਤ ਕੁ ਕੱਪ ਤੇ ਕਬਜ਼ਾ ਕੀਤਾ।

ਸੰਨ 1998: ਬ੍ਰਾਜ਼ੀਲ 3-0 ਨਾਲ ਫਰਾਂਸ ਤੋਂ ਹਾਰ ਗਿਆ। ਸੰਨ 2018: ਕ੍ਰੋਏਸ਼ੀਆ ਨੂੰ ਹਰਾ ਕੇ ਫਰਾਂਸ ਨੇ ਫਿਰ ਵਿਸ਼ਵ ਕੱਪ ਜਿਤਿਆ। ਇਸ ਮੈਚ ਵਿੱਚ ਫਰਾਂਸ ਨੇ ਕ੍ਰੋਏਸ਼ੀਆ ਨੂੰ 4-2 ਨਾਲ ਹਰਾਇਆ ਸੀ।

ਲੰਘੇ ਐਤਵਾਰ 18 ਦਸੰਬਰ ਨੂੰ ਫੀਫਾ ਵਿਸ਼ਵ ਕੱਪ 2022 ਦਾ ਫਾਇਨਲ ਮੁਕਾਬਲਾ ਹੋਇਆ। ਇਹ ਮੈਚ ਫਰਾਂਸ ਅਤੇ ਅਰਜਨਟੀਨਾ ਵਿਚਕਾਰ ਖੇਡਿਆ ਗਿਆ। ਸਾਲ 2022 ਦੇ ਫੁੱਟਬਾਲ ਵਿਸ਼ਵ ਕੱਪ ਲਈ ਕੁੱਲ 440 ਕਰੋੜ ਡਾਲਰ ਦੀ ਇਨਾਮ ਰਾਸ਼ੀ ਤੈਅ ਕੀਤੀ ਗਈ ਹੈ।

ਸਾਲ 2014 'ਚ ਖ਼ਿਤਾਬ ਤੋਂ ਖੁੰਝਣ ਵਾਲੀ ਮੈਸੀ ਦੀ ਅਰਜਨਟੀਨਾ ਨੇ ਫੀਫਾ ਵਿਸ਼ਵ ਕੱਪ ਇਤਿਹਾਸ ਦੇ ਸਭ ਤੋਂ ਰੋਮਾਂਚਕ ਫਾਈਨਲ 'ਚ ਫਰਾਂਸ ਨੂੰ ਫੁੱਲ ਟਾਈਮ 'ਚ ਸਕੋਰ 3-3 ਨਾਲ ਬਰਾਬਰ ਰਹਿਣ ਤੋਂ ਬਾਅਦ ਪੈਨਲਟੀ ਸ਼ੂਟਆਊਟ 'ਚ 4-2 ਨਾਲ ਹਰਾ ਕੇ ਤੀਜੀ ਵਾਰ ਵਿਸ਼ਵ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਪੈਨਲਟੀ ਸ਼ੂਟਆਊਟ 'ਚ ਅਰਜਨਟੀਨਾ ਦੇ ਗੋਲਕੀਪਰ ਐਮਿਲਿਆਨੋ ਮਾਰਟੀਨੇਜ਼ ਨੇ ਕਮਾਲ ਦਾ ਪ੍ਰਦਰਸ਼ਨ ਕਰਦਿਆਂ ਦੋ ਪੈਨਲਟੀ ਬਚਾਉਂਦਿਆਂ ਮੈਸੀ ਦਾ ਸੁਪਨਾ ਸਾਕਾਰ ਕਰ ਦਿੱਤਾ । ਇਸ ਦੇ ਨਾਲ ਹੀ ਮੈਸੀ ਦਾ ਨਾਂਅ ਮਾਰਾਡੋਨਾ ਦੇ ਨਾਲ ਸੁਨਹਿਰੀ ਅੱਖਰਾਂ 'ਚ ਲਿਖ ਦਿੱਤਾ ਗਿਆ । ਮੈਚ ਦਾ ਪਹਿਲਾ ਗੋਲ 23ਵੇਂ ਮਿੰਟ 'ਚ ਪੈਨਲਟੀ 'ਤੇ ਮੈਸੀ ਨੇ ਕੀਤਾ । ਇਸ ਤੋਂ 13 ਮਿੰਟ ਬਾਅਦ ਡੀ. ਮਾਰੀਆ ਨੇ ਅਰਜਨਟੀਨਾ ਲਈ ਦੂਜਾ ਗੋਲ ਕੀਤਾ।

ਦੂਜੇ ਹਾਫ ਦੇ 79ਵੇਂ ਮਿੰਟ ਤੱਕ ਅਰਜਨਟੀਨਾ 2-0 ਨਾਲ ਅੱਗੇ ਸੀ ਪਰ ਫਰਾਂਸ ਦੇ ਸਟਾਰ ਖਿਡਾਰੀ ਕੀਲੀਅਨ ਐਮਬਾਪੇ ਨੇ 2 ਮਿੰਟ 'ਚ ਲਗਾਤਾਰ 2 ਗੋਲ ਕਰਕੇ ਮੈਚ ਦਾ ਪਾਸਾ ਪਲਟ ਦਿੱਤਾ । ਐਮਬਾਪੇ ਨੇ ਮੈਚ ਦੇ 80ਵੇਂ ਮਿੰਟ 'ਚ ਪੈਨਲਟੀ 'ਤੇ ਟੀਮ ਲਈ ਪਹਿਲਾ ਗੋਲ ਕੀਤਾ, ਜਦੋਂਕਿ 97ਵੇਂ ਮਿੰਟ ਬਾਅਦ ਫਿਰ ਗੋਲ ਕਰਕੇ ਫਰਾਂਸ ਨੂੰ 2-2 ਦੀ ਬਰਾਬਰੀ 'ਤੇ ਲਿਆ ਖੜ੍ਹਾ ਕੀਤਾ । ਫਿਰ ਉਵਰ ਟਾਈਮ ਵਿੱਚ ਮੈਸੀ ਤੇ ਐਮਬਾਪੇ ਨੇ ਇੱਕ ਇੱਕ ਗੋਲ ਦਾਗਿਆ।

ਇਸ ਤੋਂ ਬਾਅਦ ਦੋਵਾਂ ਟੀਮਾਂ ਵਿਚਾਲੇ ਗੋਲ ਨਹੀਂ ਹੋ ਸਕਿਆ । ਅਰਜਨਟੀਨਾ ਦੇ ਕੋਲ 2 ਮੌਕੇ ਸਨ ਪਰ ਫਰਾਂਸ ਦੀ ਡਿਫੈਂਸ ਨੇ ਗੋਲ ਨਹੀਂ ਹੋਣ ਦਿੱਤਾ । 108ਵੇਂ ਮਿੰਟ 'ਚ ਮੈਸੀ ਨੇ ਗੋਲ ਦਾਗਦਿਆਂ ਟੀਮ ਨੂੰ 3-2 ਦੀ ਬੜਤ ਦਿਵਾ ਦਿੱਤੀ ।

ਐਮਬਾਪੇ ਨੇ 118ਵੇਂ ਮਿੰਟ 'ਚ ਟੀਮ ਲਈ ਤੀਜਾ ਤੇ ਆਪਣਾ ਹੈਟ੍ਰਿਕ ਗੋਲ ਕਰਕੇ ਮੈਚ ਨੂੰ ਇਕ ਵਾਰ ਫਿਰ ਬਰਾਬਰੀ 'ਤੇ ਲਿਆ ਖੜ੍ਹਾ ਕੀਤਾ। ਬਾਅਦ 'ਚ ਮੈਸੀ ਦੀ ਟੀਮ ਨੇ ਪੈਨਲਟੀ ਸ਼ੂਟਆਊਟ 'ਚ ਮੈਦਾਨ ਮਾਰਦਿਆਂ ਇਤਿਹਾਸ ਰਚ ਦਿੱਤਾ ।

ਅਰਜਨਟੀਨਾ ਅਤੇ ਫਰਾਂਸ ਦੋਵਾਂ ਨੇ ਹੁਣ ਤੱਕ ਦੋ-ਦੋ ਵਾਰ ਵਿਸ਼ਵ ਕੱਪ ਆਪਣੇ ਨਾਮ ਕੀਤਾ ਹੈ। ਪਰ 2022 ਦੀ ਜਿੱਤ ਨਾਲ ਅਰਜਨਟੀਨਾ ਦੀ ਇਹ ਤੀਜੀ ਜਿੱਤ ਹੋ ਗਈ ਹੈ। ਇਸ ਤੋਂ ਪਹਿਲਾਂ ਅਰਜਨਟੀਨਾ ਨੇ 1978 ਅਤੇ 1986 ਦੇ ਵਿਸ਼ਵ ਕੱਪ ਜਿੱਤੇ ਹਨ ਜਦਕਿ ਫਰਾਂਸ ਨੇ 1998 ਅਤੇ 2018 (ਪਿਛਲਾ ਵਿਸ਼ਵ ਕੱਪ) ਦੇ ਵਿਸ਼ਵ ਕੱਪ ਜਿੱਤੇ ਹਨ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਦਸੰਬਰ ਮਹੀਨੇ ਦੇ ਪ੍ਰੋਗਰਾਮ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਵੱਡੇ ਸਾਜਿਬਜ਼ਾਦੇ ਦੀ ਯਾਦ ਵਿਚ ਮਨਾਇਆ ਜਾਵੇਗਾ ਅਤੇ 2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ।

1. ਗਿਆਨੀ ਜਗਦੀਸ਼ ਸਿੰਘ ਜੀ ਦੀ ਰਿਟਾਇਰਮੈਂਟ ਦੀ ਖੁਸ਼ੀ ਵਿਚ ਉਹਨਾਂ ਦੇ ਬੇਟੇ ਭਾਈ ਬਿਕਰਮ ਸਿੰਘ ਅਤੇ ਭਾਈ ਮਨਜੀਤ ਸਿੰਘ ਵਿਰਦੀ, ਭਾਈ ਅਜਮੇਰ ਸਿੰਘ ਹੁੰਦਲ ਅਤੇ ਸਮੁੱਚੇ ਪਰਿਵਾਰ ਵੱਲੋਂ
2. ਭਾਈ ਹਰਜੀਤ ਸਿੰਘ ਮਾਨ ਪਰਿਵਾਰ ਵੱਲੋਂ ਹੋਵੇਗੀ। ਇਹ ਦੋਨੋਂ ਅਖੰਡਪਾਠ ਸਾਹਿਬ 23 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਅਰੰਭ ਹੋਣਗੇ ਅਤੇ ਭੋਗ 25 ਦਸੰਬਰ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*23 ਦਸੰਬਰ ਦਿਨ ਸ਼ੁੱਕਰਵਾਰ ਭਾਈ ਚਮਕੌਰ ਸਿੰਘ ਵਿਰਆਰ ਦਾ ਅੰਤਮ ਸਸਕਾਰ ਦੁਪਹਿਰ 12.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 2 ਵਜੇ ਹੋਵੇਗੀ।
*23 ਦਸੰਬਰ ਦਿਨ ਸ਼ੁੱਕਰਵਾਰ ਸਹਿਜਪਾਠ ਦੇ ਭੋਗ, ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸਵ. ਹਰਬੀਰ ਸਿੰਘ ਭੰਮਰਾ ਦੀ ਯਾਦ ਵਿਚ ਭਾਈ ਭੁਪਿੰਦਰ ਸਿੰਘ ਘਟਾਉੜਾ ਪਰਿਵਾਰ ਵੱਲੋਂ ਹੋਵੇਗੀ।
*24 ਦਸੰਬਰ ਦਿਨ ਸ਼ਨਿਚਰਵਾਰ ਬੀਬੀ ਸੁਰਿੰਦਰ ਕੌਰ ਚਾਹਲ ਦਾ ਅੰਤਮ ਸਸਕਾਰ ਦੁਪਹਿਰ 12.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 2 ਵਜੇ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਕੀਰਤਨੀ ਜਥੇ:ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 778-713-5121, 604-590-3224, ਫੈਕਸ:604-572-3276

# ਜਰਨੈਲ ਆਰਟ ਅਕੈਡਮੀ ਦੇ ਬੱਚਿਆਂ ਦੀ ਪਹਿਲੀ ਚਿੱਤਰਕਲਾ ਪ੍ਰਦਰਸ਼ਨੀ ਨੇ ਦਰਸ਼ਕ ਮੋਹੇ



ਸਰੀ: ਸ਼ਨਿਚਰਵਾਰ 17 ਦਸੰਬਰ ਦਾ ਦਿਨ ਸਰੀ ਨਿਵਾਸੀਆਂ ਲਈ ਉਤਸੁਕਤਾ ਭਰਿਆ ਸੀ ਜਦੋਂ ਜਰਨੈਲ ਆਰਟਸ ਅਕੈਦਮੀ ਵਿਚ ਸਿਖਿਅਤ ਬਚਿਆਂ ਦੀ ਪਹਿਲੀ ਚਿਤਰਕਲਾ ਪ੍ਰਦਰਸ਼ਨੀ ਦੀ ਸ਼ੁਰੂਆਤ ਹੋਈ। ਵਰਨਣਯੋਗ ਹੈ ਕਿ ਸਿਖ ਇਤਿਹਾਸ ਤੇ ਪੰਜਾਬੀ ਸਭਿਆਚਾਰ ਦੇ ਨਾਮਵਰ ਚਿਤਰਕਾਰ ਸ; ਜਰਨੈਲ ਸਿੰਘ ਤੇ ਉਹਨਾਂ ਦੀ ਪਤਨੀ ਬਲਜੀਤ ਕੌਰ ਬਚਿਆਂ ਨੂੰ ਲਗਾਤਾਰ ਆਰਟ ਸਿਖਲਾਈ ਦੇ ਰਹੇ ਹਨ। ਇਹ ਪ੍ਰਦਰਸ਼ਨੀ ਉਹਨਾਂ ਦੇ ਵਿਦਿਆਰਥੀਆਂ ਦੀ ਕਲਾ ਦੀ ਪਹਿਲੀ ਪ੍ਰਦਰਸ਼ਨੀ ਸੀ ਜੋ ਉਹਨਾਂ ਦੀ ਆਰਟ ਗੈਲਰੀ ਵਿਚ ਪ੍ਰਦਰਸ਼ਿਤ ਹੋਈ।

ਸਮਾਗਮ ਦੀ ਸ਼ੁਰੂਆਤ ਵਿਚ ਸ਼ਾਇਰ ਮੋਹਨ ਗਿਲ ਨੇ ਦਸਿਆ ਕਿ 2004 ਤੋਂ ਸ਼ੁਰੂ ਹੋਈ ਇਸ ਅਕੈਡਮੀ ਵਿਚ ਸ; ਜਰਨੈਲ ਸਿੰਘ ਨੇ ਜਿਸਤਰਾਂ ਅਪਣੇ ਪਿਤਾ ਤੇ ਕੇਂਦਰੀ ਸਿਖ ਅਜਾਇਬਘਰ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੇ ਬਾਨੀ ਚਿਤਰਕਾਰ ਸ; ਕਿਰਪਾਲ ਸਿੰਘ ਤੋਂ ਕਲਾ ਦੀ ਜੋਤ ਅਗੇ ਜਗਾਈ ਹੈ ਉਸੇ ਤਰਾਂ ਉਹ ਹੁਣ ਕੈਨੇਡਾ ਦੀ ਨਵੀਂ ਪੀੜੀ ਦੇ ਬਚਿਆਂ ਨੂੰ ਕਲਾ ਦੀ ਜਾਗ ਲਾ ਰਹੇ ਹਨ । ਉਘੇ ਨਾਵਲਕਾਰ ਸ; ਜਰਨੈਲ ਸਿੰਘ ਨੇ ਕਿਹਾ ਕਿ ਜਦੋਂ ਵੀ ਗੈਲਰੀ ਵਿਚ ਆਉਂਦੇ ਹਾਂ ਇਥੇ ਆ ਕੇ ਸਕੂਨ ਮਹਿਸੂਸ ਹੁੰਦਾ ਹੈ। ਬਹੁਤੇ ਕਲਾਕਾਰ ਅਪਣੇ ਤਕ ਹੀ ਸੀਮਤ ਰਹਿੰਦੇ ਹਨ ਪਰ ਜਰਨੈਲ ਸਿੰਘ ਤੇ ਬਲਜੀਤ ਕੌਰ ਅਤੇ ਉਹਨਾਂ ਦੀ ਬੇਟੀ ਨੀਤੀ ਸਿੰਘ ਨੇ ਅਪਣੀ ਕਲਾ ਦਾ ਪ੍ਰਸਾਰ ਅਗੇ ਕੀਤਾ ਹੈ ਜੋ ਵਧੀਆ ਉਦਮ ਹੈ। ਬਲਬੀਰ ਸਿੰਘ ਸੰਘਾ ਨੇ ਸਿਖ ਇਤਹਾਸਕ ਵਿਰਸੇ ਦੀ ਯਾਦ ਕਰਾਉਂਦੀਆਂ ਕਿਰਤਾਂ ਦੀ ਸ਼ਲਾਘਾ ਕੀਤੀ ਤੇ ਨਵੀਂ ਪੀੜੀ ਨੂੰ ਇਸ ਨਾਲ ਜੋੜਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਪ੍ਰਦਰਸ਼ਨੀ ਵਿਚ 17 ਕਲਾਕਾਰਾਂ ਨੇ ਭਾਗ ਲਿਆ ਜਿਹਨਾਂ ਵਿਚ ਬਹੁਤ ਛੋਟੇ ਤੋਂ ਲੈ ਕੇ ਬਾਲਗ ਤਕ ਸ਼ਾਮਲ ਹਨ। 35 ਕਿਰਤਾਂ ਦੀ ਇਸ ਪ੍ਰਦਰਸ਼ਨੀ ਵਿਚ ਬਹੁਭਾਂਤੀ ਵਿਸ਼ਾ ਵਸਤੂ ਪੇਸ਼ ਕੀਤਾ ਗਿਆ। ਫੁਲ ਬੂਟੇ, ਗੁਲਦਸਤੇ, ਧਰਤ ਦ੍ਰਿਸ਼, ਪੋਰਟਰੇਟ ਤੇ ਜੰਗਲੀ ਜੀਵ ਸਭ ਦਰਸ਼ਕਾਂ ਨੂੰ ਕਾਰਜ ਕੌਸ਼ਲਤਾ ਅਤੇ ਪ੍ਰਵੀਨਤਾ ਨਾਲ ਪ੍ਰਭਾਵਤ ਕਰਦੇ ਹਨ। ਗੀਤਾ ਮਿਸ਼ਰਾ, ਸ਼ੁਭਪ੍ਰੀਤ ਕੌਰ ਖੋਸਾ, ਸਵਤੰਤਰ ਸਿੰਘ ਖੋਸਾ, ਗੌਰੀ ਸ਼ਰਮਾ, ਰਿਮਨਦੀਪ ਬਰਾੜ,ਅਵਨੀਤ ਤੂਰ ਦਾ ਕੰਮ ਵਿਸ਼ੇਸ਼ ਜ਼ਿਕਰ ਯੋਗ ਹੈ। ਅਨਮੋਲ ਰਾਇ, ਅਨੂਪ ਰਾਇ, ਅਰਪਨ ਸਿਧੂ, ਬੰਧਨਾ ਬਦੇਸ਼ਾ,ਜਸਨੂਰ ਸੰਘਾ, ਜੀਵਨਜੋਤ ਮਿਨਹਾਸ, ਕਿਰਨਜੋਤ ਦਿਓਗਨ, ਮੰਨਤ ਗਿਲ, ਪਰਨੂਰ ਸੁੰਨਰ, ਸੁਖਮਨੀ ਸਿੱਧੂ, ਤਰਨਦੀਪ ਗਿਲ ਦੀਆਂ ਕਲਾ ਕਿਰਤਾਂ ਵੀ ਦਰਸ਼ਕਾ ਦੀ ਖਿਚ ਦਾ ਕੇਂਦਰ ਬਣੀਆਂ। ਇਸ ਮੌਕੇ ਕਲਾਕਾਰਾਂ ਅਤੇ ਦਰਸ਼ਕਾਂ ਨੂੰ ਸੰਬੋਧਿਤ ਕਰਦਿਆ ਚਿਤਰਕਾਰ ਜਰਨੈਲ ਸਿੰਘ ਨੇ ਦਸਿਆ ਕਿ ਚਿਤਰ ਕਲਾ, ਸੰਗੀਤ, ਸਾਹਿਤ, ਇਹ ਸਾਰੀਆਂ ਕਲਾਵਾਂ ਮਨੁਖ ਦੇ ਜੀਵਨ ਨੂੰ ਮਾਨਣ ਯੋਗ ਬਣਾਉਂਦੀਆਂ ਹਨ ਅਤੇ ਅਰਥ ਪ੍ਰਦਾਨ ਕਰਨ ਦੇ ਨਾਲ ਨਾਲ ਜੀਵਨ ਵਿਚ ਅਤਿ ਲੋੜੀਦੀਆਂ ਭਾਵਨਾਵਾਂ ਜਿਵੇਂ ਸਹਿਣਸ਼ਕਤੀ, ਨਿਸਚੇ ਵਲ ਫੋਕਸ ਤੇ ਜੀਵਨ ਵਿਚ ਡਸਿਪਲਨ ਸਿਖਾਉਂਦੀਆਂ ਹਨ । ਇਹਨਾਂ ਸਭ ਦੀ ਅਣਹੋਂਦ ਸੁਖਾਵੇਂ ਜੀਵਨ ਤੇ ਕਾਮਯਾਬੀ ਵਿਚ ਰੁਕਾਵਟ ਬਣਦੀ ਹੈ। ਅਖੀਰ ਵਿਚ ਸਾਰੇ ਕਲਾਕਾਰਾਂ ਨੂੰ ਸਨਮਾਨ ਪੱਤਰ ਭੇਟ ਕੀਤੇ ਗਏ।

# ਪੰਜਾਬੀ ਦੇ ਭਵਿੱਖ ਲਈ ਪ੍ਰਵਾਸੀ ਪੰਜਾਬੀ ਚਿੰਤਤ ਅਤੇ ਯਤਨਸ਼ੀਲ

ਲੰਡਨ, (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਸੰਸਾਰ ਪੱਧਰ ਉੱਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅਨੇਕਾਂ ਪ੍ਰਕਾਰ ਦੇ ਯਤਨ ਹੋ ਰਹੇ ਹਨ।

ਵਿਦੇਸ਼ਾਂ 'ਚ ਅਨੇਕਾਂ ਪੰਜਾਬੀ ਆਪੋ-ਆਪਣੇ ਤਰੀਕੇ ਅਤੇ ਸਾਧਨਾਂ ਰਾਹੀਂ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ਼ ਜੋੜਨ ਲਈ ਯਤਨਸ਼ੀਲ ਹਨ। ਇੰਗਲੈਂਡ ਦੇ ਸ਼ਹਿਰ ਹਿਚਿਨ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਇੰਗਲੈਂਡ ਦੇ ਵੱਖ 2 ਸ਼ਹਿਰਾਂ ਤੋਂ ਪਹੁੰਚੇ ਪੰਜਾਬੀ ਬੁੱਧੀਜੀਵੀਆਂ ਦੀ ਵਿਸ਼ੇਸ਼ ਬੈਠਕ ਡਾ. ਪ੍ਰਗਟ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਬੈਠਕ ਦੌਰਾਨ ਪ੍ਰਵਾਸੀ ਪੰਜਾਬੀ ਪ੍ਰਤੀਨਿਧ ਮੰਡਲ ਦੀ ਹਾਲੀਆ ਪੰਜਾਬ ਫੇਰੀ ਬਾਰੇ ਵੀ ਚਰਚਾ ਹੋਈ।

ਬੈਠਕ ਸੰਚਾਲਕ ਕੰਵਰ ਬਰਾੜ ਦੇ ਸਵਾਲ ਦਾ ਜਵਾਬ ਦਿੰਦਿਆਂ ਪੰਜਾਬੀ ਵਿਕਾਸ ਮੰਚ ਯੂ.ਕੇ. ਦੇ ਸਕੱਤਰ ਸ. ਸ਼ਿੰਦਰਪਾਲ ਸਿੰਘ ਮਾਹਲ ਨੇ ਕਿਹਾ ਕਿ ਪੰਜਾਬ 'ਚ ਜੋ ਐਸ ਵੇਲੇ ਹਵਾ ਚੱਲ ਰਹੀ ਹੈ ਉਹ ਪੰਜਾਬੀ ਵਿਰੋਧੀ ਹੀ ਕਹੀ ਜਾ ਸਕਦੀ ਹੈ, ਕਿਉਂਕ ਉੱਥੇ ਪੰਜਾਬੀ ਪ੍ਰਤੀ ਕੋਈ ਵੀ ਗੰਭੀਰ ਨਹੀਂ ਹੈ ।


ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ

ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)

ਨੂੰ ਫੋਨ ਕਰੋ: 604-518-3637

ਜਾਂ ਈਮੇਲ ਕਰੋ hssandhupcs@gmail.com



FOR ALL YOUR DENTAL NEEDS

In Cloverdale & South Surrey



Dr. Inderpreet Sandhu
BDS, DDS

CLOVERDALE VILLAGE DENTAL

Services Provided

- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

A House of Family Dentistry

5635 - 176A Street, Surrey, BC
(across the street from Cloverdale Library)
Cloverdalevillagedental@gmail.com

604-579-0102

DHALIWAL GROUP OF COMPANIES




ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ

604-543-2222

Dhaliwal Sweets
2636 Cedar Park Place
Abbotsford
604.852.2345

Dhaliwal Banquet Hall
Surrey
604-598-1165

Dhoom Restaurant
York Centre Surrey
604-543-2222

Dhaliwal Sweets
Surrey
604-596-1312

Dhaliwal Pizza & Bakery
#104-7790-128 St. Surrey
(Near 78th Ave.)
604-598-8889

Dhoom Restaurant & Bar Vancouver
604-325-4911

Dhaliwal Sweets
Vancouver
604-325-4911

Himalaya Dairy
Surrey
604-543-2421

www.DhoomRestaurant.com

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ

12885-85Ave. Surrey, BC V3W 0K8 Canada




## ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ

## ਹਫਤਾਵਾਰੀ ਪ੍ਰੋਗਰਾਮ ਦਸੰਬਰ 19-26 ਤੱਕ

| | | |
|---|---|---|
| ਦਸੰਬਰ 23<br>ਕੀਰਤਨ ਦਰਬਾਰ<br>(ਅਖੰਡ ਕੀਰਤਨੀ ਜਥਾ)ਸ਼ਾਮ 6.30 ਵਜੇ | ਦਸੰਬਰ 23<br>ਗੁਰਬਾਣੀ ਕੰਠ ਮੁਕਾਬਲਾ ਅਤੇ ਲੰਮੇ ਕੇਸਾਂ ਦਾ ਮੁਕਾਬਲਾ<br>ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ | ਦਸੰਬਰ 24<br>ਇੰਟਰਨੈਸ਼ਨਲ ਸਟੂਡੈਂਟਸ<br>ਸ਼ਾਮ 6.30 ਤੋਂ 8.30 ਵਜੇ ਤੱਕ |
| ਦਸੰਬਰ 24<br>ਦਸਤਾਰ ਮੁਕਾਬਲਾ<br>ਸਵੇਰ 10 ਵਜੇ ਤੋਂ ਸ਼ਾਮ 5 ਵਜੇ ਤੱਕ | ਦਸੰਬਰ 25<br>ਕਥਾ ਦਰਬਾਰ<br>ਸ਼ਾਮ 6.30 ਤੋਂ 8.30 ਵਜੇ ਤੱਕ | ਦਸੰਬਰ 26<br>ਢਾਡੀ ਦਰਬਾਰ<br>ਸ਼ਾਮ 6.30 ਤੋਂ 8.30 ਵਜੇ ਤੱਕ |

**ਵਧੇਰੇ ਜਾਣਕਾਰੀ ਲਈ ਫੋਨ ਕਰੋ (ਗੁਰਦੁਆਰਾ ਸਾਹਿਬ):604-594-2574**


LIQUOR discounter
Friday December 2nd 2022 until Sunday January 1st 2023
$96.99 1.75L JOHNNIE WALKER BLACK LABEL $57.99 750ML
$94.99 ANEJO PATRON TEQUILA 750ML $75.99 SILVER
$69.99 GREY GOOSE 1.14L
$63.99 GLENMORANGIE 750ML
$50.99 1.75L CROWN ROYAL $24.99 750ML
$52.99 STOLI 1.75L
$52.99 CHIVAS 750ML
$48.99 1.75L SMIRNOFF VODKA $21.99 750ML
$51.99 1.75L KAHLUA $33.99 1.14L $23.99 750ML
$45.99 CIROC
$64.99 GIBSON RARE 12 YEAR $44.99 $31.99
$40.99 JOHNNIE WALKER RED LABEL 1.14L
$38.99 BULLEIT BOURBON 750ML
$48.79 1.75L BACARDI WHITE $21.99 750ML
$36.99 1.14L CAPTAIN MORGAN SPICED $25.99 750ML
$35.99 1.14L BAILEYS $26.99 750ML
$35.99 1.14L ABSOLUT VODKA $23.99 750ML
$35.99 TANQUERAY GIN 1.14L
$33.99 1.14L WISERS DELUXE $22.99 750ML
$33.99 JAMESON 750ML
$31.99 JAGERMEISTER 750ML
$32.99 TITO'S 750ML
$30.99 KETTLE ONE 750ML
$28.49 KRAKEN BLACK SPICED 750ML
$27.49 BOMBAY EAST GIN 750ML
$25.99 FAMOUS GROUSE 750ML
$25.99 PINK WHITNEY 750ML
$25.99 BALLANTINES 750ML
$20.99 FIREBALL 750ML
BELOW Government Store Prices!
$32.99 JOSE CUERVO GOLD 750ML
$24.99 CAROLANS 750ML
$38.99 JACKSON TRIGGS CAB SAUV PINOT GRIGIO 4L
$37.99 BODACIOUS CAB SAUV 4L
$36.99 COPPER MOON MALBEC 4L
$35.99 SAWMILL CREEK SAUV BLANC CHARDONNAY 4L
$31.99 BOTTEGA 750ML
$21.99 MEIOMI CAB SAUV 750ML
$21.49 MASI CAMPOFIORIN 750ML
$18.99 LAMARCA PROSECCO 750ML
$17.99 OYSTER BAY SAUV BLANC PINOT GRIGIO 750ML
$17.79 19 CRIMES CALI ROSE 750ML
$15.19 ROBERT MONDAVI CAB SAUV 750ML
$16.79 1884 MALBEC 750ML
$13.99 ROSCATO RED 750ML
$15.09 APOTHIC RED WHITE 750ML
$14.79 FRONTERA CAB SAUV SAUV BLANC 1.5L
$14.99 COPPER MOON MERLOT PINOT GRIGIO 1.5L
$14.49 GATO SAUV BLANC CAB SAUV 1.5L
$14.79 HENKELL 750ML
$13.99 PELLER ESTATES CAB SAUV PINOT GRIGIO 1.5L
$13.79 YELLOWTAIL BUBBLES PINK BUBBLES 750ML
$11.99 YELLOWTAIL SHIRAZ CAB SAUV 750ML
$10.99 JACOBS CREEK MOSCATO ROSE MOSCATO 750ML
$9.99 BAREFOOT MERLOT MOSCATO 750ML
$9.79 BASK CAB SAUV 750ML
$9.49 JACKSON TRIGGS MERLOT SAUV BLANC 750ML
SHOP & SAVE! Rewards Program See in-store for details
$7.49 BLACK CELLAR 750ML
$5.99 BABY CANADIAN 750ML
$46.99 CORONA 24 BOTTLES
$36.99 BUDWEISER 24 CANS
$32.49 SLEEMANS ORIGINAL 24 CANS
$25.99 HEINEKEN 12 BOTTLES OR 12 CANS
$25.99 MODELO 12 BOTTLES
$25.99 MILLER GENUINE DRAFT 15 CANS
$24.99 STELLA ARTOIS 12 BOTTLES OR 12 CANS
$22.99 GUINNESS 8 CANS
$19.99 OLD MILWAUKEE 15 CANS
$20.99 SLEEMANS HONEY BROWN 12 CANS
$20.99 STANLEY PARK CONCESSION STAND 12 CANS
$20.29 RED TRUCK MIXER 12 CANS
$18.79 STEAMWORKS MASHUP 8 TALL CANS
$15.49 CARIBOO GENUINE DRAFT 12 CANS
12 CANS $23.99 NUDE 24 CANS $43.99
$22.99 TRULY LEMONADE TROPICAL 12 CANS
$21.99 HEY Y'ALL ORIGINAL 12 CANS
$19.99 SOMERSBY 8 CAN MIXER
$12.99 WHITE CLAW PINEAPPLE RASPBERRY 6 CANS
$9.99 GROWERS PEACH 2L
PRICE BEAT GUARANTEE!
8473 - 120 Street, Delta 604.592.2599
14357 - 104 Ave, Surrey 778.293.1964
LiquorDiscounter.ca follow us on facebook
Prices exclude tax and deposits and are subject to change without notice.


MERRY
Christmas
AND HAPPY NEW YEAR
Honourable
HARJIT SAJJAN
Member of Parliament, Vancouver South
6406 Victoria Drive Vancouver, British Columbia V5P 3X7
Telephone: 604-775-5323 | E-mail : Harjit.sajjan@parl.gc.ca

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*23 ਦਸੰਬਰ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸ. ਜਸਵੀਰ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ ਬੱਚੀ ਜਸ਼ਨਪ੍ਰੀਤ ਕੌਰ ਦੇ 20ਵੇਂ ਜਨਮ ਦਿਨ ਦੀ ਖੁਸ਼ੀ ਵਿਚ

*23 ਦਸੰਬਰ ਦਿਨ ਸ਼ੁੱਕਰਵਾਰ ਅਖੰਡਪਾਠ ਸਾਹਿਬ ਸ. ਬਲਰਾਜ ਸਿੰਘ ਸੁੰਨਰ ਸਮੂਹ ਪਰਿਵਾਰ ਵੱਲੋਂ: ਪਰਿਵਾਰ ਦੀ ਸੁਖ ਸ਼ਾਂਤੀ ਅਤੇ ਚੜ੍ਹਦੀ ਕਲਾ ਲਈ, ਲੰਗਰਾਂ ਦੀ ਸੇਵਾ ਅਤੇ ਜਲੇਬੀਆਂ ਦਾ ਲੰਗਰ।

*24 ਦਸੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਸ. ਹਰਮੀਤ ਸਿੰਘ ਗਰੇਵਾਲ ਪਰਿਵਾਰ ਵੱਲੋਂ

*25 ਦਸੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਸ. ਜਸਵੀਰ ਸਿੰਘ ਪਰਿਵਾਰ ਵੱਲੋਂ

*25 ਦਸੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਸ. ਬਲਰਾਜ ਸਿੰਘ ਪਰਿਵਾਰ ਵੱਲੋਂ

*25 ਦਸੰਬਰ ਦਿਨ ਐਤਵਾਰ ਸ਼ਾਮ ਨੂੰ 7.15 ਤੋਂ 9.30 ਵਜੇ ਤੱਕ ਗੁਰਮਤਿ ਸੈਂਟਰ ਵੱਲੋਂ ਚਾਰ ਸਾਹਿਬਜ਼ਾਦੇ ਮੂਵੀ ਦਿਖਾਈ ਜਾਵੇਗੀ।

**ਨੋਟ:ਭਾਈ ਹਰਜਿੰਦਰ ਸਿੰਘ ਜੀ ਢਪਾਲੀ ਦਸੰਬਰ ਦਾ ਮਹੀਨਾ ਗੁਰਬਾਣੀ ਕਥਾ ਦੁਆਰਾ ਨਿਹਾਲ ਕਰਨਗੇ।**

**ਸਮੂਹ ਸੰਗਤਾਂ ਵੱਧ ਤੋਂ ਵੱਧ ਹਾਜ਼ਰੀ ਭਰਕੇ ਲਾਹਾ ਪ੍ਰਾਪਤ ਕਰੋ ਜੀ**

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ -ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ

*ਕਥਾ ਵਾਚਕ -ਪੰਥ ਦੇ ਪ੍ਰਸਿੱਧ ਕਥਾਵਾਚਕ ਭਾਈ ਜੈਵੀਰ ਸਿੰਘ (ਰੋਪੜ ਵਾਲੇ)

*ਰਾਗੀ ਜਥਾ ਭਾਈ ਭਗਤਜੀਤ ਸਿੰਘ ਜੀ ਜਲੰਧਰ ਵਾਲੇ

*ਢਾਡੀ ਜਥਾ-ਭਾਈ ਬਖਸ਼ੀਸ਼ ਸਿੰਘ ਰਾਣੀ ਵਲਾਹ ਵਾਲੇ

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿ. ਨਵਜੋਤ ਸਿੰਘ ਜੀ(ਗ੍ਰੰਥੀ):226-509-6600

# ਸਰੀ ਪੁਲਿਸ ਦੇ ਹੱਕ ਵਿਚ ਜਾਅਲੀ ਪੱਤਰ ਦੇਣ ਦਾ ਖੁਲਾਸਾ
# ਸਿੱਖ ਗੁਰਦਵਾਰਿਆਂ ਵੱਲੋਂ ਸਰੀ ਪੁਲੀਸ ਦੇ ਹੱਕ ਵਿਚ ਕਿਸਨੇ ਲਿਖਿਆ ਪੱਤਰ?:ਪ੍ਰਬੰਧਕ ਹੈਰਾਨ

ਸਰੀ-ਸਰੀ ਸਿਟੀ ਕੌਂਸਲ ਵਲੋ ਸਰੀ ਵਿਚ ਆਰ ਸੀ ਐਮ ਪੀ ਦੀਆਂ ਸੇਵਾਵਾਂ ਨੂੰ ਜਾਰੀ ਰੱਖਣ ਸਬੰਧੀ 6-3 ਨਾਲ ਮਤਾ ਪਾਸ ਕਰਨ ਉਪਰੰਤ ਇਸਦੀ ਵਿਸਥਾਰਿਤ ਰਿਪੋਰਟ ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਨੂੰ ਭੇਜ ਦਿੱਤੀ ਗਈ ਹੈ। ਇਸ ਸਬੰਧੀ ਕੋਈ ਵੀ ਅੰਤਿਮ ਫੈਸਲਾ ਸਰਕਾਰ ਵਲੋ ਲਿਆ ਜਾਣਾ ਹੈ ਪਰ ਇਸ ਦੌਰਾਨ ਜਨਤਕ ਸੁਰੱਖਿਆ ਮੰਤਰੀ ਅਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੂੰ ਬਹੁਤ ਸਾਰੇ ਪੱਤਰ ਪ੍ਰਾਪਤ ਹੋ ਰਹੇ ਹਨ। ਇਹਨਾਂ ਵਿਚ ਸਰੀ ਪੁਲਿਸ ਜਾਂ ਆਰ ਸੀ ਐਮ ਪੀ ਦੇ ਹੱਕ ਵਿਚ ਭੁਗਤਣ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ।ਸੂਤਰਾਂ ਮੁਤਾਬਿਕ ਮੰਤਰੀ ਫਾਰਨਵਰਥ ਨਵੇਂ ਸਾਲ ਦੇ ਸ਼ੁਰੂ ਵਿੱਚ ਆਪਣੇ ਫੈਸਲੇ ਦਾ ਖੁਲਾਸਾ ਕਰਨਗੇ।

ਸਰੀ ਬੋਰਡ ਆਫ਼ ਟਰੇਡ ਨੇ ਇੱਕ ਪ੍ਰੈਸ ਰਿਲੀਜ਼ ਜਾਰੀ ਕਰਕੇ ਉਹਨਾਂ ਨੂੰ ਸਰੀ ਆਰ.ਸੀ.ਐਮ.ਪੀ ਨੂੰ ਬਰਕਰਾਰ ਰੱਖਣ ਲਈ ਯੋਜਨਾ ਦੀ ਪ੍ਰਵਾਨਗੀ ਵਿੱਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ ਹੈ। ਜਦੋਂਕਿ ਵੇਕ ਅੱਪ ਸਰੀ ਦੇ ਆਗੂ ਗੁਰਪ੍ਰੀਤ ਸਿੰਘ ਸਹੋਤਾ ਨੇ ਮਿਊਂਸਪਲ ਪੁਲਿਸ ਦੀ ਟਰਾਂਜੀਸ਼ਨ ਜਾਰੀ ਰੱਖਣ ਦੀ ਅਪੀਲ ਕੀਤੀ ਹੈ। ਸਰੀ ਪੁਲਿਸ ਦੇ ਹੱਕ ਵਿਚ ਸਰੀ ਦੀਆਂ ਕੁਝ ਗੁਰਦੁਆਰਾ ਕਮੇਟੀਆਂ ਵਲੋ ਵੀ ਪੱਤਰ ਭੇਜੇ ਗਏ ਹਨ। ਪਰ ਇਸੇ ਦੌਰਾਨ ਸਰੀ ਦੀਆਂ ਛੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਾਹਿਬਾਨ ਨੇ ਮੰਤਰੀ ਨੂੰ ਇਕ ਹੋਰ ਸਾਂਝਾ ਪੱਤਰ ਲਿਖਦਿਆਂ ਸਰੀ ਪੁਲਿਸ ਦੇ ਹੱਕ ਵਿਚ ਭੇਜੇ ਗਏ ਪੱਤਰ ਦਾ ਖੰਡਨ ਕੀਤਾ ਹੈ ਤੇ ਕਿਹਾ ਹੈ ਕਿ ਸ਼ਹਿਰ ਵਿਚ ਕਿਸ ਸੁਰੱਖਿਆ ਏਜੰਸੀ ਦੀਆਂ ਸੇਵਾਵਾਂ ਜਾਰੀ ਰੱਖਣੀਆਂ ਹਨ, ਇਹ ਸਿਆਸੀ ਫੈਸਲਾ ਹੈ ਜਿਸ ਨਾਲ ਧਾਰਮਿਕ ਸੰਸਥਾਵਾਂ ਦਾ ਕੋਈ ਸਬੰਧ ਨਹੀ ਹੈ।

ਸਰੀ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਪ੍ਰਧਾਨ ਗਿਆਨੀ ਨਰਿੰਦਰ ਸਿੰਘ, ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ, ਗੁਰਦੁਆਰਾ ਦਸਮੇਸ਼ ਦਰਬਾਰ ਦੇ ਪ੍ਰਧਾਨ ਗੁਰਦੀਪ ਸਿੰਘ ਸਮਰਾ , ਦਰਬਾਰ ਸ੍ਰੀ ਗੁਰੂ ਗਰੰਥ ਸਾਹਿਬ ਦੇ ਪ੍ਰਧਾਨ ਅਮਰਜੀਤ ਸਿੰਘ ਸੰਘਾ, ਗੁਰਦੁਆਰਾ ਅੰਮ੍ਰਿਤ ਪ੍ਰਕਾਸ਼ ਦੇ ਪ੍ਰਧਾਨ ਪਰਮਜੀਤ ਸਿੰਘ ਸੋਹਲ, ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਧਾਨ ਪਰਮਜੀਤ ਸਿੰਘ ਵਲੋ ਆਪਣੇ ਦਸਤਖਤਾਂ ਹੇਠ ਜਾਰੀ 14 ਦਸੰਬਰ ਨੂੰ ਜਨਤਕ ਸੁਰੱਖਿਆ ਮੰਤਰੀ ਨੂੰ ਭੇਜੇ ਇਕ ਪੱਤਰ ਵਿਚ ਕਿਹਾ ਹੈ ਕਿ ਉਨ੍ਹਾਂ ਦੀ ਤਰਫ਼ੋਂ 12 ਦਸੰਬਰ ਨੂੰ ਸਰੀ ਦੀ ਪੁਲਿਸ ਟਰਾਂਜੀਸ਼ਨ ਦੇ ਹੱਕ ਵਿਚ ਭੇਜਿਆ ਗਿਆ ਪੱਤਰ ਜਾਅਲੀ ਹੈ।

ਉਹਨਾਂ ਆਪਣੇ ਪੱਤਰ ਵਿਚ ਹੋਰ ਸਪੱਸ਼ਟ ਕੀਤਾ ਹੈ ਕਿ ਕਥਿਤ ਤੌਰ 'ਤੇ ਉਨ੍ਹਾਂ ਦੀ ਤਰਫ਼ੋਂ, ਇਕ ਪੱਤਰ ਜੋ ਉਹਨਾਂ ਨੂੰ ਪਹਿਲਾਂ ਭੇਜਿਆ ਗਿਆ ਸੀ, ਜੋ ਸਰੀ ਪੁਲਿਸ ਸੇਵਾ ਵਿੱਚ ਤਬਦੀਲੀ ਨੂੰ ਜਾਰੀ ਰੱਖਣ ਦਾ ਸਮਰਥਨ ਕਰਦਾ ਹੈ, ਉਹਨਾਂ ਦੁਆਰਾ ਅਧਿਕਾਰਤ ਨਹੀਂ ਸੀ। ਉਹਨਾਂ ਕਿਹਾ ਹੈ ਕਿ ਉਸ ਪੱਤਰ ਵਿਚ ਧੋਖੇ ਨਾਲ ਸਾਡੇ ਨਾਮ ਅਤੇ ਲੋਗੋ ਦੀ ਵਰਤੋਂ ਕੀਤੀ ਗਈ ਹੈ।

ਉਹਨਾਂ ਹੋਰ ਕਿਹਾ ਹੈ ਕਿ 12 ਦਸੰਬਰ 2022 ਨੂੰ, ਭੇਜੇ ਗਏ ਉਕਤ ਪੱਤਰ ਦੀ ਅਸੀਂ ਸਖ਼ਤ ਨਿੰਦਾ ਕਰਦੇ ਹਾਂ। ਉਹਨਾਂ ਤਾਜ਼ਾ ਪੱਤਰ ਵਿਚ ਕਿਹਾ ਹੈ ਕਿ ਅਸੀਂ ਜਾਣਦੇ ਹਾਂ ਕਿ ਕੁਝ ਲੋਕ ਅਜਿਹੇ ਹਨ ਜੋ ਸਰੀ ਦੇ ਪੁਲਿਸਿੰਗ ਫੈਸਲੇ ਨੂੰ ਸਿਆਸੀ ਬਣਾਉਣਾ ਚਾਹੁੰਦੇ ਹਨ ਅਤੇ ਸਾਡੇ ਭਾਈਚਾਰੇ ਵਿੱਚ ਵੰਡੀਆਂ ਪੈਦਾ ਕਰਨਾ ਚਾਹੁੰਦੇ ਹਨ। ਗੁਰੂ ਘਰ ਸ਼ਰਧਾ ਅਤੇ ਪੂਜਾ ਦੇ ਸਥਾਨ ਹਨ। ਧਾਰਮਿਕ ਸਥਾਨਾਂ ਉਪਰ ਆਉਣ ਵਾਲੇ ਸ਼ਰਧਾਲੂਆਂ ਦੇ ਵੱਖੋ ਵੱਖਰੇ ਰਾਜਨੀਤਿਕ ਵਿਚਾਰ ਹੋ ਸਕਦੇ ਹਨ ਜਿਨ੍ਹਾਂ ਦਾ ਧਾਰਮਿਕ ਅਕੀਦੇ ਨਾਲ ਕੋਈ ਸਬੰਧ ਨਹੀਂ ਹੈ।

ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਪ੍ਰਧਾਨ ਗਿਆਨੀ ਨਰਿੰਦਰ ਸਿੰਘ 14 ਦਸੰਬਰ ਦੇ ਚੇਤਾਵਨੀ ਪੱਤਰ 'ਤੇ ਦਸਤਖਤ ਕਰਨ ਵਾਲਿਆਂ ਵਿੱਚੋਂ ਇੱਕ ਹਨ। ਉਹਨਾਂ ਦੇਸ ਪ੍ਰਦੇਸ ਨਾਲ ਗੱਲ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਸਾਨੂੰ ਨਹੀਂ ਪਤਾ ਕਿ 12 ਦਸੰਬਰ ਨੂੰ ਇਹ ਪੱਤਰ ਕਿਸਨੇ ਲਿਖਿਆ ਸੀ। ਉਹਨਾਂ ਦੱਸਿਆ ਕਿ ਸਰੀ ਪੁਲਿਸ ਦੇ ਹੱਕ ਵਿਚ ਭੇਜੇ ਗਏ ਪੱਤਰ ਵਿਚ ਸਾਡੇ ਲੋਗੋ ਅਤੇ ਨਾਮ ਦੀ ਵਰਤੋਂ ਕੀਤੀ ਪਰ ਸਾਨੂੰ ਉਸ ਬਾਰੇ ਕੋਈ ਜਾਣਕਾਰੀ ਨਹੀਂ ਕਿ ਇਹ ਕੰਮ ਕਿਸਨੇ ਕੀਤਾ।

# ਤੈਨੂੰ ਨਾ ਸੰਗ ਨਾ ਸ਼ਰਮ

ਕਿਸੇ ਨੇ ਫੁੱਲ ਨੂੰ ਪੁੱਛਿਆ ਕਿ, ਤੂੰ ਸਾਰਿਆਂ ਨੂੰ ਖੁਸ਼ਬੂ ਦਿੰਦਾ ਹੈ ਤੈਨੂੰ ਕੀ ਮਿਲਦਾ ਹੈ ੧ੳ ਅੱਗੋਂ ਫੁੱਲ ਨੇ ਤਹਿਜ਼ੀਬ ਨਾਲ ਉੱਤਰ ਦੇ ਕੇ ਖੁਸ਼ਬੂ ਹੋਰ ਖਿਲਾਰ ਦਿੱਤੀ , ਉਸਨੇ ਕਿਹਾ, "ਲੈਣਾ ਦੇਣਾ ਤੇ ਵਪਾਰ ਹੈ " ਜੋ ਲੈ ਦੇ ਕੇ ਕੁਝ ਨਾ ਮੰਗੇ ਉਹ ਸੱਚਾ ਪਿਆਰ ਹੁੰਦਾ ਹੈ। ਸੱਚਾ ਪਿਆਰ ਹਾਲਾਤ ਦੇ ਅਨੁਸਾਰ ਬਿਲਕੁਲ ਨਹੀਂ ਬਦਲਦਾ।ਸਾਕ ਸਬੰਧੀਆਂ ਦਾ ਸੱਚਾ ਪਿਆਰ ਜਿਸਮ ਅਤੇ ਰੂਹ ਦੇ ਸੁਮੇਲ ਵਰਗਾ ਹੁੰਦਾ ਹੈ।ਤੱਥ ਇਹ ਵੀ ਹੈ ਕਿ ਇੱਕ ਰਿਸ਼ਤਾ ਖਤਮ ਹੋਣ ਨਾਲ ਜ਼ਿੰਦਗੀ ਖਤਮ ਨਹੀਂ ਹੁੰਦੀ ਪਰ ਉਸਦਾ ਕੀ ਜਿਸਦੀ ਦੁਨੀਆਂ ਹੀ ਇੱਕ ਰਿਸ਼ਤੇ ਨਾਲ ਹੋਵੇ।ਲੋਭ ਸਮਾਜਿਕ ਗਤੀ ਨੂੰ ਗਤੀਹੀਣ ਕਰ ਦਿੰਦਾ ਹੈ। ਇਹਨਾਂ ਸਤਰਾਂ ਦੀ ਮੇਰੇ ਨਿਜੀ ਜੀਵਨ ਲਈ ਸਿਰੇ ਤੇ ਗੰਢ ਹੈ।ਜੀਵਨ ਦਾ ਸਾਰੰਸ਼ ਵੀ ਹੈ।

ਮੈਂ ਸਮਾਜ ਵਿੱਚ ਸਾਰੇ ਰਿਸ਼ਤੇ ਨਾਤੇ ਹੰਢਾਏ ਸਭ ਇੱਕ ਦੂਜੇ ਨਾਲ ਵਧੀਆ ਮੇਲ ਖਾਂਦੇ ਹਨ। ਜਦੋਂ ਹਾਲਾਤ ਅਤੇ ਸਥਿਤੀ ਨਾਲ ਟਾਕਰਾ ਕਰਨ ਲਈ ਕੋਈ ਰਿਸ਼ਤਾ ਕਹਿਣੀ ਕਥਨੀ ਦਾ ਪੂਰਾ ਉਤਰੇ ਤਾਂ ਸੋਨੇ ਤੇ ਸੁਹਾਗਾ ਬਣਦਾ ਹੈ।ਅਜਿਹੇ ਰਿਸ਼ਤੇ ਨਾਤਿਆਂ ਦੀ ਲੜੀ ਵਿੱਚ ਮੇਰੇ ਜੀਵਨ ਦਾ ਇੱਕ ਰਿਸ਼ਤਾ ਮੇਰੇ ਸਤਿਕਾਰ ਯੋਗ ਮਾਮੀ ਜੀ ਸ੍ਰੀਮਤੀ ਸੁਰਿੰਦਰ ਕੌਰ ਸੇਵਾ ਮੁਕਤ ਮੁੱਖ ਅਧਿਆਪਕ ਹਨ।ਉਹਨਾਂ ਵੱਲੋਂ ਗਰੀਬ ਬੱਚਿਆਂ ਦੀ ਭਲਾਈ ਕਰਨਾ ਸ਼ੁਰੂ ਤੋਂ ਜਾਰੀ ਹੈ।ਦੋ ਤਿੰਨ ਗਰੀਬ ਬੱਚਿਆਂ ਨੂੰ ਬੀ ਟੈਕ ਦੀ ਪੜ੍ਹਾਈ ਵਿੱਚ ਆਰਥਿਕ ਮੱਦਦ ਕਰਨਾ ਇਸ ਤੋਂ ਇਲਾਵਾ ਇੱਕ ਲੋੜਵੰਦ ਨੂੰ ਪਲਾਟ ਸਮੇਤ ਮਕਾਨ ਬਣਾ ਕੇ ਦੇਣਾ।ਇਹਨਾਂ ਨੂੰ ਇਹ ਸੁਆਬੀ ਸੁਭਾਅ ਦੀ ਮਲਿਕਾ ਦਾ ਖਿਤਾਬ ਰਿਟਾਇਰਡ ਪ੍ਰਿੰਸੀਪਲ ਦੀ ਧੀ ਹੋਣ ਕਰਕੇ ਵਿਰਸੇ ਵਿੱਚ ਮਿਲਿਆ।

ਮੈਨੂੰ ਆਪਣੇ ਬੱਚੇ ਦੇ ਕੈਨੇਡਾ ਭੇਜਣ ਦੀ ਲੋੜ ਅਤੇ ਭੇਡਚਾਲ ਕਰਕੇ ਪੈਸਿਆਂ ਦੀ ਲੋੜ ਪਈ।ਸਮਾਜ ਅਤੇ ਰਿਸ਼ਤੇ ਨਾਤਿਆਂ ਨੂੰ ਪੈਸਿਆਂ ਵਾਰੇ ਪੁੱਛਿਆ ਨਾਂਹ ਵਰਗੀ ਹਾਂ ਮਿਲਦੀ ਰਹੀ।ਅੱਜ ਕਲ੍ਹ ਵੀ ਹੁੰਦੀ ਰਹੀ। ਪਰ ਜਦੋਂ ਮੈਂ ਆਪਣੇ ਮਾਮੀ ਜੀ ਨੂੰ ਫੋਨ ਕਰਕੇ ਪੈਸਿਆਂ ਬਾਰੇ ਪੁੱਛਿਆ ਤਾਂ ਉਹਨਾਂ ਕਿਹਾ ਮੇਰੇ ਖਾਤੇ ਵਿੱਚ 6 ਲੱਖ ਹਨ।ਮੈਂ ਸੋਚਿਆ ਕਿ ਬੂੰਦ ਬੂੰਦ ਦਰਿਆ ਭਰਦਾ ਹੈ।ਚੱਲੋ ਕਾਫੀ ਮੱਦਦ ਮਿਲ ਜਾਏਗੀ ਮੈਂ ਕਿਹਾ ਚਲੋ ਇੰਨ੍ਹੇ ਹੀ ਦੇ ਦਿਓ।ਉਹਨਾਂ ਵਲੋਂ ਵਟਸਐਪ ਤੇ ਮੇਰੀ ਚੈਕਬੁੱਕ ਦੀ ਫੋਟੋ ਮੰਗਵਾਈ ਉਸੇ ਦਿਨ ਮੇਰੇ ਖਾਤੇ ਵਿੱਚ 6 ਲੱਖ ਪਾ ਦਿੱਤੇ।ਉਹ ਹਮੇਸ਼ਾ ਬੱਚਿਆ ਨੂੰ ਮਾਨਸਿਕ ਤੌਰ ਤੇ ਮਜ਼ਬੂਤ ਹੋਣ ਦਾ ਸੰਦੇਸ਼ ਦਿੰਦੇ ਰਹੇ। ਬੱਚਿਆ ਖਾਸ ਕਰਕੇ ਧੀਆਂ ਪ੍ਰਤੀ ਉਹਨਾਂ ਦਾ ਸੰਦੇਸ਼ ਹੁੰਦਾ ਸੀ ਕਿ ਮਾਪੇ ਅਤੇ ਅਧਿਆਪਕ ਰਹਿਮ ਕਰ ਦਿੰਦੇ, ਪਰ ਦੁਨੀਆਂ ਨਹੀਂ ਕਰਦੀ।ਪਰਿਵਾਰ ਅਤੇ ਰਿਸ਼ਤੇਦਾਰੀਆਂ ਸਲੀਕੇ ਨਾਲ ਜੋੜ ਕੇ ਰੱਖਣਾ ਉਹ ਆਪਣੀ ਮੁੱਢਲੀ ਜ਼ਿੰਮੇਵਾਰੀ ਸਮਝਦੇ ਹਨ।

ਔਰਤ ਦੀ ਉੱਨਤੀ ਦਾ ਅੰਦਾਜ਼ਾ ਉਸਦੇ ਹਾਲਾਤ , ਸੂਝਬੂਝ ਅਤੇ ਵਿੱਦਿਅਕ ਪੱਧਰ ਤੋਂ ਸਹਿਜੇ ਹੀ ਲੱਗ ਜਾਂਦਾ ਹੈ।ਇਹ ਕਥਨ ਉਹਨਾਂ ਤੇ ਬਿਲਕੁਲ ਢੁੱਕਵਾਂ ਹੈ। ਫਰਵਰੀ 1982 ਤੋਂ ਮੇਰੇ ਨਾਨਕੇ ਘਰ ਵਿੱਚ ਵਿਆਹੇ ਜਾਣ ਤੋਂ ਬਾਅਦ ਇੰਨਾ ਲੰਬਾ ਸਫਰ ਤੈਅ ਕਰਨ ਤੋਂ ਬਾਅਦ ਮੇਰੇ ਦਿਮਾਗ ਦੀ ਖਿੜਕੀ ਉਦੋਂ ਖੁੱਲੀ ਜਦੋਂ ਮੈ ਉਹਨਾਂ ਨੂੰ 6 ਲੱਖ ਦੀ ਰਾਸ਼ੀ ਬੈਂਕ ਖਾਤੇ ਵਿੱਚਲੇ ਵਿਆਜ਼ ਸਮੇਤ ਵਾਪਿਸ ਕਰਨ ਦਾ ਚੈੱਕ ਦਿੱਤਾ।ਉਹਨਾਂ ਚੈੱਕ ਦੇਖਦੇ ਸਾਰ ਹੈਰਾਨੀਜਨਕ ਭਾਸ਼ਾ ਵਿੱਚ 6 ਲੱਖ ਤੋਂ ਉਤਲੀ ਰਾਸ਼ੀ ਬਾਰੇ ਪੁੱਛਿਆ ਤਾਂ ਮੇਰੇ ਵਲੋਂ ਬੈਂਕ ਖਾਤੇ ਵਿੱਚਲਾ ਵਿਆਜ਼ ਦੱਸਿਆ ਗਿਆ ਉਹਨਾਂ ਪਿਆਰ ਭਰੀ ਗੁੱਸੈਲੀ ਭਾਸ਼ਾ ਵਿੱਚ ਕਿਹਾ " ਤੈਨੂੰ ਨਾ ਸੰਗ ਹੈ ਨਾ ਸ਼ਰਮ ਹੈ " ਇਹ ਸ਼ਬਦ ਐਨ ਉਹਨਾਂ ਅੰਦਰੋ ਆਏ ਜੋ ਮੇਰੀ ਤਹਿਜ਼ੀਬ ਅਤੇ ਸੋਚ ਤੇ ਪਾਲਿਸ਼ ਕਰ ਗਏ।ਮੇਰੇ ਮਾਮੀ ਜੀ ਨੇ ਆਪਣਾ ਇਖਲਾਕ ਅਤੇ ਤਹਿਜ਼ੀਬ ਤਕਸੀਮ ਨਹੀਂ ਹੋਣ ਦਿੱਤੇ । ਮੈਨੂੰ ਨਵਾਂ ਸੰਦੇਸ਼ ਵੀ ਮਿਲਿਆ। ਪਰਮਾਤਮਾ ਹਰ ਮਨੁੱਖ ਨੂੰ ਮੇਰੀ ਮਾਮੀ ਜੀ ਵਰਗੇ ਗੁਣ ਦੇਵੇ ।

**ਸੁਖਪਾਲ ਸਿੰਘ ਗਿੱਲ (ਅਬਿਆਣਾ ਕਲਾਂ)**
**98781—11445**

# ਨਫ਼ਰਤ ਦੇ ਬਾਜ਼ਾਰ ਵਿਚ ਪਿਆਰ ਦੀ ਦੁਕਾਨ ਖੋਲ੍ਹ ਰਿਹਾ ਹਾਂ:ਰਾਹੁਲ

ਅਲਵਰ: ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਇਹ ਦੇਸ਼ 'ਨਫ਼ਰਤ ਦਾ ਨਹੀਂ, ਪਿਆਰ ਦਾ ਹੈ', ਇਸ ਲਈ ਉਹ 'ਨਫ਼ਰਤ ਦੇ ਬਾਜ਼ਾਰ 'ਚ ਪਿਆਰ ਦੀ ਦੁਕਾਨ ਖੋਲ੍ਹ ਰਹੇ ਹਨ।' ਕਾਂਗਰਸ ਆਗੂ ਨੇ ਕਿਹਾ ਕਿ ਇਹ ਭਾਰਤ ਜੋੜੋ ਯਾਤਰਾ ਦੇ ਉਦੇਸ਼ 'ਤੇ ਸਵਾਲ ਚੁੱਕਣ ਵਾਲੇ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨੂੰ ਜਵਾਬ ਹੈ। ਇੱਥੇ ਇਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਗਾਂਧੀ ਨੇ ਭਾਜਪਾ ਆਗੂਆਂ ਨੂੰ ਕਿਹਾ ਕਿ ਮੈਂ ਨਫ਼ਰਤ ਦੇ ਬਾਜ਼ਾਰ ਵਿਚ ਪਿਆਰ ਦੀ ਦੁਕਾਨ ਖੋਲ੍ਹ ਰਿਹਾ ਹਾਂ। ਉਹਨਾਂ ਕਿਹਾ, "ਤੇਰਾ ਬਾਜ਼ਾਰ ਨਫ਼ਰਤ ਦਾ, ਮੇਰੀ ਦੁਕਾਨ ਪਿਆਰ ਦੀ"।ਰਾਹੁਲ ਗਾਂਧੀ ਨੇ ਕਿਹਾ ਕਿ ਉਹਨਾਂ ਦੀ ਯਾਤਰਾ ਕਈ ਵਾਰ ਭਾਜਪਾ ਦਫਤਰਾਂ ਦੇ ਸਾਹਮਣੇ ਤੋਂ ਲੰਘੀ, ਜਿਸ ਦੌਰਾਨ ਭਾਜਪਾ ਆਗੂ ਅਤੇ ਵਰਕਰ ਇਸ਼ਾਰਿਆਂ ਨਾਲ ਉਹਨਾਂ ਦੀ ਯਾਤਰਾ 'ਤੇ ਸਵਾਲ ਖੜ੍ਹੇ ਕਰਦੇ ਸਨ। ਸਾਬਕਾ ਕਾਂਗਰਸ ਪ੍ਰਧਾਨ ਅਨੁਸਾਰ, "ਭਾਜਪਾ ਆਗੂਆਂ ਨੇ ਕਦੇ ਕਿਹਾ ਹੈ ਕਿ ਰਾਹੁਲ ਗਾਂਧੀ ਕੀ ਕਰ ਰਹੇ ਹਨ? ਕੁਝ ਸਮੇਂ ਲਈ ਮੇਰੇ ਦਿਮਾਗ ਵਿਚ ਇਹ ਗੱਲ ਆਈ ਕਿ ਮੈਂ ਕੀ ਕਰ ਰਿਹਾ ਹਾਂ, ਤੁਰ ਰਿਹਾ ਹਾਂ, ਲੋਕਾਂ ਨੂੰ ਮਿਲ ਰਿਹਾ ਹਾਂ, ਉਹਨਾਂ ਨੂੰ ਜੱਫੀ ਪਾ ਰਿਹਾ ਹਾਂ... ਮੈਂ ਕੀ ਕਰ ਰਿਹਾ ਹਾਂ?'






# ਸੱਤਾ, ਸ਼ਬਦ ਤੇ ਚੁੱਪ

ਕੋਬਾਡ ਗਾਂਧੀ ਦੀ ਪੁਸਤਕ 'ਤਿੜਕੀ ਹੋਈ ਆਜ਼ਾਦੀ: ਬੰਦੀਖ਼ਾਨੇ ਦੀਆਂ ਯਾਦਾਂ (ਉਸ ਦੇ ਜੇਲ੍ਹ ਵਿਚ ਬਿਤਾਏ ਇਕ ਦਹਾਕੇ (2009-19) ਦਾ ਜੀਵਨ-ਬਿਰਤਾਂਤ ਹੈ। ਕੋਬਾਡ ਗਾਂਧੀ ਕਮਿਊਨਿਸਟ ਪਾਰਟੀ (ਮਾਓਵਾਦੀ) ਦਾ ਮੈਂਬਰ ਸੀ। 2021 ਵਿਚ ਉਸ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ। ਉਸ ਦੇ ਇਸ ਜੀਵਨ-ਬਿਰਤਾਂਤ ਦਾ ਮਰਾਠੀ ਵਿਚ ਅਨੁਵਾਦ ਅਨਘਾ ਲੇਲੇ ਨੇ ਕੀਤਾ। ਮਹਾਰਾਸ਼ਟਰ ਦੇ ਭਾਸ਼ਾ ਵਿਭਾਗ ਨੇ ਅਨਘਾ ਲੇਲੇ ਨੂੰ ਵਧੀਆ ਅਨੁਵਾਦ ਲਈ 2021 ਦਾ ਯਸ਼ਵੰਤ ਰਾਓ ਚਵਾਨ ਪੁਰਸਕਾਰ ਦਿੱਤਾ। ਹੁਣ ਮਹਾਰਾਸ਼ਟਰ ਸਰਕਾਰ ਨੇ ਉਹ ਪੁਰਸਕਾਰ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਇਸ ਦਾ ਵਿਰੋਧ ਕਰਦਿਆਂ ਉੱਘੇ ਮਰਾਠੀ ਲੇਖਕ ਸ਼ਰਦ ਬਾਵਿਸਕਾਰ ਅਤੇ ਕਈ ਹੋਰਨਾਂ ਨੇ ਆਪਣੇ ਪੁਰਸਕਾਰ ਵਾਪਸ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਦੀ ਭਾਸ਼ਾ ਸਬੰਧੀ ਸਲਾਹਕਾਰ ਕਮੇਟੀ ਦੇ ਮੁਖੀ ਲਕਸ਼ਮੀ ਦੇਸ਼ਮੁਖ ਨੇ ਵੀ ਅਸਤੀਫ਼ਾ ਦੇ ਦਿੱਤਾ ਹੈ।

ਮਹਾਰਾਸ਼ਟਰ ਸਰਕਾਰ ਨੇ ਇਸ ਤਰ੍ਹਾਂ ਕਿਉਂ ਕੀਤਾ? ਸਰਕਾਰਾਂ ਆਪਣੇ ਨਾਲ ਸਹਿਮਤ ਨਾ ਹੋਣ ਵਾਲੇ ਲੋਕਾਂ ਨੂੰ ਚੁੱਪ ਕਰਵਾਉਣ ਲਈ ਹਰ ਹਰਬਾ ਵਰਤਦੀਆਂ ਹਨ। ਕਈ ਵਾਰ ਉਨ੍ਹਾਂ ਕੋਲ ਚੁੱਪ ਹੋ ਜਾਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਬਚਦਾ; ਉਹ ਚੁੱਪ ਹੋ ਜਾਂਦੇ ਹਨ ਪਰ ਉਹ ਚੁੱਪ ਹਾਕਮਾਂ ਦੇ ਬੋਲਾਂ ਅਤੇ ਹੁਕਮਾਂ ਨਾਲ ਸਹਿਮਤੀ ਨਹੀਂ ਹੁੰਦੀ। ਅਜਿਹੀ ਚੁੱਪ ਦੁਖਦਾਈ ਹੁੰਦੀ ਹੈ, ਚੁੱਭਦੀ ਹੈ ਪਰ ਇਸ ਵਿਚ ਅਜਿਹਾ ਕੰਡਾ ਬਣਨ ਦੀ ਤਾਕਤ ਹੁੰਦੀ ਹੈ ਜਿਸ ਨੇ ਇਕ ਨਾ ਇਕ ਦਿਨ ਸੱਤਾਧਾਰੀਆਂ ਦੇ ਗਲੇ ਵਿਚ ਅਟਕ ਜਾਣਾ ਹੁੰਦਾ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਅਜਿਹਾ ਕਰਨ ਵਾਲੀ ਮਹਾਰਾਸ਼ਟਰ ਸਰਕਾਰ ਇਕੱਲੀ ਨਹੀਂ ਹੈ, ਸਾਰੀਆਂ ਸਰਕਾਰਾਂ ਅਸਹਿਮਤੀ ਰੱਖਣ ਵਾਲਿਆਂ ਨੂੰ ਚੁੱਪ ਕਰਵਾਉਣਾ ਲੋਚਦੀਆਂ ਹਨ।

ਬਹੁਤ ਵਾਰ ਸਿਆਸੀ ਵਿਰੋਧੀ ਤਿੱਖੇ ਜਵਾਬ ਦਿੰਦੇ ਹਨ ਪਰ ਅਜਿਹੀ ਤਿੱਖੀ ਤਕਰਾਰ ਪਿੱਛੇ ਸਹਿਮਤੀ ਛੁਪੀ ਹੁੰਦੀ ਹੈ। ਦੋਵੇਂ ਧਿਰਾਂ ਜਾਣਦੀਆਂ ਹੁੰਦੀਆਂ ਹਨ ਕਿ ਉਹ ਨੂਰਾ/ਨਕਲੀ ਕੁਸ਼ਤੀ ਲੜ ਰਹੀਆਂ ਹਨ। ਅਸਲੀ ਘੋਲ ਲਈ ਨੈਤਿਕ ਤੇ ਬੌਧਿਕ ਸਮਰੱਥਾ ਦੇ ਨਾਲ ਨਾਲ ਲੜਨ ਦੀ ਇੱਛਾ ਦੀ ਜ਼ਰੂਰਤ ਹੁੰਦੀ ਹੈ; ਅਜਿਹੀ ਇੱਛਾ ਬਾਹਰੀ ਤੌਰ 'ਤੇ ਹੁੰਦੀ ਤਕਰਾਰ ਅਤੇ ਅੰਦਰੂਨੀ ਸਹਿਮਤੀ ਦੇ ਸੰਗਮ ਵਿਚੋਂ ਨਹੀਂ ਜਨਮ ਸਕਦੀ।

ਸਾਰੇ ਸੱਤਾਧਾਰੀ ਇਹ ਦਾਅਵਾ ਕਰਦੇ ਹਨ ਕਿ ਉਹ ਦੂਸਰਿਆਂ ਤੋਂ ਵੱਖਰੇ ਹਨ; ਵੱਖਰਤਾ ਹੁੰਦੀ ਵੀ ਹੈ। ਇਹ ਵੱਖਰਤਾ ਇਸ ਗੱਲ ਵਿਚ ਨਿਹਿਤ ਹੁੰਦੀ ਹੈ ਕਿ ਸੱਤਾਧਾਰੀ ਆਪਣੇ ਨਾਲ ਅਸਹਿਮਤੀ ਰੱਖਣ ਵਾਲਿਆਂ ਨੂੰ ਕਿੰਨਾ ਤੇ ਕਿਵੇਂ ਦਬਾਉਣਾ ਤੇ ਕੁਚਲਣਾ ਚਾਹੁੰਦੇ ਹਨ। ਕਿਤੇ ਸਰਕਾਰ ਆਪਣੀ ਏਜੰਸੀਆਂ ਦੀ ਵਰਤੋਂ ਕਰਦੀ ਹੈ, ਕਿਤੇ ਉਸ ਦੇ ਹਮਾਇਤੀ ਕਾਰਪੋਰੇਟ ਅਦਾਰੇ ਨਿਊਜ਼ ਚੈਨਲਾਂ ਅਤੇ ਅਖ਼ਬਾਰਾਂ 'ਤੇ ਕਬਜ਼ੇ ਕਰਦੇ ਹਨ ਤੇ ਕਿਤੇ ਸਰਕਾਰ ਉਨ੍ਹਾਂ ਲਈ ਹੋਰ ਪਰੇਸ਼ਾਨੀਆਂ ਪੈਦਾ ਕਰਦੀ ਹੈ ਪਰ ਇਸ ਸਭ ਕੁਝ ਦਾ ਮੰਤਵ ਇਹੀ ਹੁੰਦਾ ਹੈ ਕਿ ਸੱਤਾ ਚੁੱਪ ਲੋਚਦੀ ਹੈ; ਉਹ ਆਪਣੇ ਬੋਲਾਂ ਦੀ ਗੂੰਜ ਸੁਣਨਾ ਚਾਹੁੰਦੀ ਹੈ ਜਿਸ ਨੂੰ ਸੁਣ ਕੇ ਸੱਤਾ ਮਸਤੀ ਵਿਚ ਆਉਂਦੀ ਹੈ; ਆਪਣੇ ਨਾਲ ਅਸਹਿਮਤੀ ਰੱਖਣ ਵਾਲਿਆਂ ਨੂੰ ਚੁੱਪ ਕਰਵਾ ਦੇਣ ਦੀ ਜਿੱਤ ਦਾ ਜਸ਼ਨ ਮਨਾਉਂਦੀ ਹੈ।

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ, ''ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ॥'' ਤ੍ਰਿਸ਼ਨਾ ਵਧਦੀ ਜਾਂਦੀ ਹੈ, ਖ਼ਤਮ ਨਹੀਂ ਹੁੰਦੀ। ਸੱਤਾਧਾਰੀਆਂ ਦੀ ਤ੍ਰਿਸ਼ਨਾ ਤੇਜ਼ੀ ਨਾਲ ਵਧਦੀ ਹੈ। ਸੱਤਾਧਾਰੀ ਭੁੱਲ ਜਾਂਦੇ ਹਨ ਕਿ ਵਰਤਮਾਨ ਦੇ ਗਰਭ ਵਿਚ ਉਨ੍ਹਾਂ ਨਾਲ ਅਸਹਿਮਤੀ ਦੀ ਆਵਾਜ਼ ਚੁੱਪ ਵਿਚ ਪਨਪ ਰਹੀ ਹੁੰਦੀ ਹੈ; ਅਜਿਹੀ ਚੁੱਪ ਨੇ ਭਵਿੱਖ ਵਿਚ ਵਿਸਫੋਟਕ ਬਣਨਾ ਹੁੰਦਾ ਹੈ। ਇਹ ਜੰਗ ਚੱਲਦੀ ਰਹਿੰਦੀ ਹੈ ਜਿਵੇਂ ਕਿਊਬਾ ਦੇ ਕਵੀ ਹਰਬਰਤੋ ਪੈਦੀਆ ਨੇ ਲਿਖਿਆ ਹੈ, ''ਜਰਨੈਲ ਸਾਹਿਬ, ਤੇਰੇ ਹੁਕਮਾਂ ਤੇ ਮੇਰੇ ਗੀਤਾਂ ਵਿਚਕਾਰ ਜੰਗ ਹੋ ਰਹੀ ਹੈ।''

ਅਸਹਿਮਤੀ ਲੋਕਾਂ ਦੇ ਦਿਲਾਂ ਵਿਚ ਪਨਪਦੀ ਹੈ; ਕਦੇ ਇਹ ਡਰਦੀ ਹੈ ਤੇ ਕਦੇ ਸੱਤਾ ਨੂੰ ਲਲਕਾਰਦੀ ਹੈ; ਕਦੇ ਇਹ ਲੋਕ ਵਿਦਰੋਹ ਦਾ ਰੂਪ ਲੈਂਦੀ ਹੈ ਅਤੇ ਕਦੇ ਕਵਿਤਾ, ਕਹਾਣੀਆਂ, ਨਾਵਲਾਂ ਤੇ ਗੀਤਾਂ ਵਿਚ ਛੁਪ ਜਾਂਦੀ ਹੈ। ਹਰ ਵਾਰ ਅਜਿਹੀ ਲੜਾਈ ਦਾ ਨਤੀਜਾ ਚੁੱਪ ਵਿਚ ਨਹੀਂ ਨਿਕਲਦਾ।

ਇਹ ਅਸਹਿਮਤੀ ਰੱਖਣ ਵਾਲਿਆਂ ਦੀ ਹਿੰਮਤ ਤੇ ਨਜ਼ਰੀਏ 'ਤੇ ਨਿਰਭਰ ਕਰਦਾ ਹੈ। ਕਈ ਵਾਰ ਅਸਹਿਮਤੀ ਰੱਖਣ ਵਾਲੇ ਸਿਰ 'ਤੇ ਖੱਫਣ ਬੰਨ੍ਹ ਲੈਂਦੇ ਨੇ। ਉਹ ਦੁਨੀਆਂਦਾਰੀ ਦੁਆਰਾ ਆਇਦ ਕੀਤੀਆਂ ਬੰਦਿਸ਼ਾਂ ਤੇ ਜਿਊਣ ਦੀਆਂ ਸ਼ਰਤਾਂ ਤੋਂ ਆਜ਼ਾਦ ਹੋ ਜਾਂਦੇ ਹਨ। ਫਰਾਂਸੀਸੀ ਇਨਕਲਾਬ ਬਾਰੇ ਅੰਨਜੇ ਵਾਏਦਾ ਦੀ ਫਿਲਮ 'ਡਾਂਟੋਂ' ਵਿਚ ਇਕ ਪਲ ਬਹੁਤ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ; ਮੈਕਸੀਮਿਲੀਆਂ ਰੋਬੈਸਪੀਅਰ ਅਤੇ ਜਾਰਜ ਡਾਂਟੋਂ ਫਰਾਂਸੀਸੀ ਇਨਕਲਾਬ ਦੇ ਆਗੂ ਸਨ। ਡਾਂਟੋਂ ਨੇ ਰੋਬੈਸਪੀਅਰ ਦੇ ਦਮਨ ਦਾ ਵਿਰੋਧ ਕੀਤਾ। ਫਿਲਮ ਦੇ ਇਸ ਦ੍ਰਿਸ਼ ਵਿਚ ਡਾਂਟੋਂ ਰੋਬੈਸਪੀਅਰ ਦਾ ਹੱਥ ਫੜ ਕੇ ਆਪਣੇ ਗਲੇ ਉੱਤੇ ਰੱਖਦਿਆਂ ਕਹਿੰਦਾ ਹੈ, ''ਇਹ ਗੱਲ ਗੱਲਾਂ ਤਕ ਸੀਮਤ ਨਹੀਂ ਰਹਿਣੀ; ਤੈਨੂੰ ਇਹ ਗਲਾ ਘੁੱਟਣਾ ਪੈਣਾ ਹੈ।'

ਅਮਰੀਕਨ ਵਿਦਵਾਨ ਕਰੇਗ ਆਰ ਸਮਿੱਥ ਤੇ ਉਸ ਦੇ ਸਾਥੀ ਵਿਦਵਾਨਾਂ ਨੇ ਆਪਣੀ ਕਿਤਾਬ 'ਵਿਰੋਧੀਆਂ ਨੂੰ ਚੁੱਪ ਕਰਾਉਂਦਿਆਂ' ਵਿਚ ਉਨ੍ਹਾਂ ਤਰੀਕਿਆਂ, ਜਿਨ੍ਹਾਂ ਨੂੰ ਵਰਤ ਕੇ ਸਰਕਾਰਾਂ ਵਿਰੋਧੀਆਂ ਨੂੰ ਚੁੱਪ ਕਰਵਾਉਂਦੀਆਂ ਹਨ, ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ। ਕਰੇਗ ਅਨੁਸਾਰ ਸਰਕਾਰ ਅਸਹਿਮਤੀ ਰੱਖਣ ਵਾਲਿਆਂ ਨੂੰ ਦੋ ਰਸਤਿਆਂ ਵਿਚੋਂ ਚੋਣ ਕਰਨ ਲਈ ਕਹਿੰਦੀ ਹੈ; ਇਹ ਰਸਤੇ ਹਨ : ਉਨ੍ਹਾਂ ਨਾਲ ਮਿਲ ਜਾਵੋ ਜਾਂ ਖ਼ਤਮ ਹੋ ਜਾਵੋ ਭਾਰਤ ਨੇ 1975-77 ਵਿਚ ਐਮਰਜੈਂਸੀ ਦਾ ਦੌਰ ਵੇਖਿਆ। ਸ਼ਾਸਕ ਚਲਾਕ ਹੁੰਦੇ ਹਨ; ਉਹ ਇਤਿਹਾਸ ਤੋਂ ਸਿੱਖਦੇ ਹਨ; ਉਹ ਜਾਣਦੇ ਹਨ ਕਿ ਐਮਰਜੈਂਸੀ ਲਗਾਉਣ ਤੋਂ ਬਿਨਾਂ ਵੀ ਕਿਵੇਂ ਐਮਰਜੈਂਸੀ ਵਰਗਾ ਮਾਹੌਲ ਬਣਾਇਆ ਜਾ ਸਕਦਾ ਹੈ, ਅਸਹਿਮਤੀ ਦਾ ਗਲਾ ਘੁੱਟਿਆ ਜਾ ਸਕਦਾ ਹੈ।

ਮਨੁੱਖਤਾ ਦੇ ਇਤਿਹਾਸ ਵਿਚ ਇਕ ਖੇਤਰ ਸ਼ਾਸਕਾਂ ਲਈ ਹਮੇਸ਼ਾਂ ਸਮੱਸਿਆਵਾਂ ਪੈਦਾ ਕਰਦਾ ਰਿਹਾ ਹੈ; ਉਹ ਹੈ ਕਾਗਜ਼ ਤੇ ਕਲਮ ਦਾ ਖੇਤਰ। ਇਹ ਨਹੀਂ ਕਿ ਸ਼ਾਸਕਾਂ ਨੇ ਇਸ ਖੇਤਰ ਨੂੰ ਆਪਣੀ ਤਾਕਤ ਵਧਾਉਣ ਲਈ ਨਹੀਂ ਵਰਤਿਆ ਪਰ ਅਸਹਿਮਤੀ ਰੱਖਣ ਵਾਲਿਆਂ ਨੇ ਵੀ ਇਸ ਖੇਤਰ ਰਾਹੀਂ ਹਾਕਮ ਜਮਾਤਾਂ ਵਿਰੁੱਧ ਵਿਰੋਧ ਪ੍ਰਗਟਾਇਆ ਹੈ। ਸ਼ਾਸਕਾਂ ਨੇ ਬੁੱਤਾਂ ਤੇ ਸਿੱਲ ਪੱਥਰਾਂ 'ਤੇ ਆਪਣੇ ਉਦੇਸ਼ ਉੱਕਰੇ, ਅਸਹਿਮਤੀ ਰੱਖਣ ਵਾਲਿਆਂ ਨੇ ਤਾੜ-ਪੱਤਰਾਂ 'ਤੇ ਆਪਣਾ ਵਿਦਰੋਹ ਦਰਜ ਕੀਤਾ; ਹਕੂਮਤਾਂ ਵਿਰੁੱਧ ਕਵਿਤਾ, ਨਾਟਕ ਤੇ ਇਤਿਹਾਸਕ ਬਿਰਤਾਂਤ ਲਿਖੇ ਗਏ। ਪ੍ਰਿੰਟਿੰਗ ਪ੍ਰੈੱਸ ਆਉਣ 'ਤੇ ਇਸ ਖੇਤਰ ਵਿਚ ਇਨਕਲਾਬ ਆਇਆ। ਕਿਤਾਬਾਂ ਛਪਣ ਦੇ ਨਾਲ ਨਾਲ ਅਖ਼ਬਾਰਾਂ ਨਿਕਲਣ ਲੱਗੀਆਂ। ਅਖ਼ਬਾਰਾਂ ਨੇ ਨਵੀਂ ਦੁਨੀਆ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ; ਅਖ਼ਬਾਰਾਂ ਰਾਹੀਂ ਵਿਚਾਰਾਂ ਦੇ ਪ੍ਰਗਟਾਵੇ ਭਾਵ ਪ੍ਰੈੱਸ/ਮੀਡੀਆ ਦੀ ਆਜ਼ਾਦੀ ਨੂੰ ਜਮਹੂਰੀਅਤ ਦਾ ਚੌਥਾ ਥੰਮ੍ਹ ਮੰਨਿਆ ਗਿਆ। ਜਦੋਂ ਜਦੋਂ ਸਰਕਾਰਾਂ ਜਮਹੂਰੀ ਰਾਹਾਂ ਤੋਂ ਗ਼ੈਰ-ਜਮਹੂਰੀ ਪੰਧਾਂ ਵੱਲ ਵਧਦੀਆਂ ਹਨ, ਉਦੋਂ ਹੀ ਲੇਖਕਾਂ ਤੇ ਪ੍ਰੈੱਸ/ਮੀਡੀਆ ਦਾ ਗਲਾ ਘੁੱਟਿਆ ਜਾਂਦਾ ਹੈ; ਇਹ ਐਮਰਜੈਂਸੀ ਵੇਲੇ ਹੋਇਆ ਸੀ, ਹੁਣ ਵੀ ਹੋ ਰਿਹਾ ਹੈ; ਇਸ ਦਹਾਕੇ ਵਿਚ ਇਹ ਰੁਝਾਨ ਤੇਜ਼ੀ ਨਾਲ ਵਧਿਆ ਹੈ; ਹਾਕਮ ਖ਼ੁਸ਼ ਹਨ।

ਇਤਿਹਾਸ ਗਵਾਹ ਹੈ ਕਿ ਇਤਿਹਾਸ ਵਿਚ ਆਉਂਦੀਆਂ ਤਬਦੀਲੀਆਂ ਨਵੀਆਂ ਸਥਾਪਤੀਆਂ ਬਣ ਜਾਂਦੀਆਂ ਹਨ; ਇਨਕਲਾਬ ਸਰਕਾਰਾਂ ਵਿਚ ਬਦਲ ਜਾਂਦੇ ਹਨ; ਸਰਕਾਰਾਂ ਪੁਰਾਣੇ ਰਾਹਾਂ 'ਤੇ ਤੁਰਨ ਲੱਗ ਪੈਂਦੀਆਂ ਹਨ; ਲੋਕਾਂ ਕੋਲ ਫਿਰ ਵਿਦਰੋਹ ਕਰਨ ਤੋਂ ਬਿਨਾਂ ਕੋਈ ਹੋਰ ਹੀਲਾ ਨਹੀਂ ਬਚਦਾ।

ਪ੍ਰਮੁੱਖ ਸਵਾਲ ਇਹ ਹੈ ਕਿ ਤਬਦੀਲੀਆਂ ਲਿਆਉਣ ਵਾਲੇ ਆਗੂ ਇਸ ਤਰ੍ਹਾਂ ਕਿਉਂ ਕਰਦੇ ਹਨ। ਇਸ ਦੇ ਕਈ ਕਾਰਨ ਹਨ: ਸੱਤਾ ਵਿਚ ਆਪਣੀ ਚਕਾਚੌਂਧ ਤੇ ਤਾਕਤ ਹੁੰਦੀ ਹੈ; ਇਹ ਤਾਕਤ ਤਬਦੀਲੀ ਲਿਆਉਣ ਵਾਲੇ ਆਗੂਆਂ ਨੂੰ ਸੱਤਾ ਦਾ ਕੇਂਦਰੀਕਰਨ ਕਰਨ ਤੇ ਅਸਹਿਮਤੀ ਨੂੰ ਦਬਾਉਣ ਲਈ ਉਕਸਾਉਂਦੀ ਹੈ; ਇਹ ਉਕਸਾਹਟ ਇੰਨੀ ਖਿੱਚਵੀਂ ਹੁੰਦੀ ਹੈ ਕਿ ਤਬਦੀਲੀਆਂ ਦੇ ਝੰਡਾਬਰਦਾਰ ਭੁੱਲ ਜਾਂਦੇ ਹਨ ਕਿ ਉਨ੍ਹਾਂ ਨੇ ਅਜਿਹੇ ਰੁਝਾਨਾਂ ਵਿਰੁੱਧ ਸੰਘਰਸ਼ ਕੀਤਾ ਸੀ। ਇਕ ਹੋਰ ਕਾਰਨ ਇਹ ਹੈ ਕਿ ਤਬਦੀਲੀ ਲਿਆਉਣ ਵਾਲੇ ਆਗੂ ਇਹ ਸਮਝ ਲੈਂਦੇ ਹਨ ਕਿ ਸਰਕਾਰ ਵਿਚ ਤਬਦੀਲੀ ਹੋਣ ਨਾਲ ਸਭ ਕੁਝ ਬਦਲ ਗਿਆ ਹੈ। ਰਿਆਸਤ ਵਿਚ ਮੁੱਖ ਅੰਗ ਉਸ ਦੀ ਅਫ਼ਸਰਸ਼ਾਹੀ ਹੁੰਦੀ ਹੈ; ਉਹ ਆਪਣੀ ਨੁਹਾਰ ਬਦਲਦੀ ਹੈ ਅਤੇ ਨਵੇਂ ਸ਼ਾਸਕਾਂ ਦੇ ਦਿਲੋ-ਦਿਮਾਗ਼ ਨੂੰ ਜਿੱਤ ਲੈਂਦੀ ਹੈ।

ਤਬਦੀਲੀ ਨੇ ਨਵੀਆਂ ਸਰਕਾਰਾਂ ਦੇ ਬਣਨ ਤੋਂ ਸ਼ੁਰੂ ਹੋਣਾ ਹੁੰਦਾ ਹੈ; ਤਬਦੀਲੀ ਤਾਂ ਸ਼ੁਰੂ ਹੋ ਸਕਦੀ ਹੈ ਜੇ ਤਬਦੀਲੀ ਲਿਆਉਣ ਵਾਲੇ ਆਗੂ ਦਮਨਕਾਰੀ ਰੁਝਾਨਾਂ ਤੋਂ ਮੂੰਹ ਮੋੜਨ ਤੇ ਆਪਣੇ ਲੋਕਾਂ ਪ੍ਰਤੀ ਪ੍ਰਤੀਬੱਧ ਹੋਣ। ਸੱਤਾ ਤੇ ਤਾਕਤ ਦਾ ਮੋਹ-ਜਾਲ ਏਨਾ ਤਕੜਾ ਹੁੰਦਾ ਹੈ ਕਿ ਇਸ ਤਰ੍ਹਾਂ ਕਰਨਾ ਬਹੁਤ ਵਾਰ ਮੁਸ਼ਕਲ ਹੁੰਦਾ ਹੈ। ਸੱਤਾ, ਤਾਕਤ, ਹਉਮੈ, ਵਧਦੀ ਹੋਈ ਤ੍ਰਿਸ਼ਨਾ ਤੇ ਗਰੂਰ ਹਾਕਮਾਂ ਲਈ ਅਜਿਹਾ ਸਰੂਰਮਈ ਰਸ ਬਣਾਉਂਦੀਆਂ ਹਨ ਜਿਸ ਨੂੰ ਪੀ ਕੇ ਉਹ ਆਪਣੀਆਂ ਜੜ੍ਹਾਂ ਤੋਂ ਟੁੱਟਣ ਲੱਗਦੇ ਹਨ; ਹਉਮੈ ਤੇ ਗਰੂਰ ਦੀ ਬੁਨਿਆਦ 'ਤੇ ਤਾਕਤ ਦਾ ਮਹਿਲ ਉੱਸਰਦਾ ਹੈ। ਹਾਕਮ ਭੁੱਲ ਜਾਂਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ, ''ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ॥'' ਗਰਬੁ (ਹੰਕਾਰ) ਉਨ੍ਹਾਂ ਦੀ ਜੀਵਨ-ਕਹਾਣੀ ਬਣ ਜਾਂਦਾ ਹੈ।

ਅਸਹਿਮਤੀ ਜਮਹੂਰੀਅਤ ਦੀ ਰੂਹ ਹੈ। ਜਿੱਥੇ ਅਸਹਿਮਤੀ ਦਾ ਗਲਾ ਘੁੱਟਿਆ ਜਾਂਦਾ ਹੈ, ਉੱਥੇ ਜਮਹੂਰੀਅਤ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਇਹ ਪਤਨ ਜਲਦੀ ਦਿਖਾਈ ਨਹੀਂ ਦਿੰਦਾ। ਸਾਡੇ ਦੇਸ਼ ਵਿਚ ਕਈ ਵਰ੍ਹਿਆਂ ਤੋਂ ਅਸਹਿਮਤੀ ਦਾ ਗਲਾ ਘੁੱਟਣ ਦਾ ਰੁਝਾਨ ਜਾਰੀ ਹੈ।

ਸੱਤਾਧਾਰੀ ਸਮਝਦੇ ਹਨ ਕਿ ਉਹ ਸਾਰਿਆਂ ਨੂੰ ਝੁਕਾ ਸਕਦੇ ਹਨ; ਹਾਲਾਤ ਨੇ ਹਕੀਕੀ ਤੌਰ 'ਤੇ ਕਦੇ ਨਹੀਂ ਬਦਲਣਾ। ਉਹ ਗ਼ਲਤ ਸਮਝਦੇ ਹਨ; ਲੋਕ-ਸ਼ਕਤੀ ਆਪਣੇ ਸਾਹਮਣੇ ਪਈਆਂ ਚੁਣੌਤੀਆਂ ਨੂੰ ਸਮਝਦੀ ਹੈ। ਉਹ ਕੁਝ ਦੇਰ ਲਈ ਚੁੱਪ ਹੋ ਸਕਦੀ ਹੈ, ਕੁਝ ਦੇਰ ਲਈ ਉਸ ਨੂੰ ਚੁੱਪ ਕਰਾਇਆ ਵੀ ਜਾ ਸਕਦਾ ਹੈ ਪਰ ਅਸਹਿਮਤੀ ਨੂੰ ਹਮੇਸ਼ਾਂ ਲਈ ਚੁੱਪ ਵਿਚ ਨਹੀਂ ਬਦਲਿਆ ਜਾ ਸਕਦਾ।

ਅਮਰੀਕੀ ਸ਼ਾਇਰ ਲੈਂਗਸਟਨ ਹਿਊਜ਼ ਦਾ ਕਥਨ ਹੈ, ''ਉਹ ਕੰਧਾਂ, ਜੋ ਦਮਨ ਉਸਾਰਦੀਆਂ ਹਨ, ਨੇ ਟੁੱਟ ਜਾਣਾ ਹੈ।'' ਮਨੁੱਖਤਾ ਆਸ 'ਤੇ ਜਿਊਂਦੀ ਹੈ। ਅਸਹਿਮਤੀ ਆਸ ਨੂੰ ਧੜਕਦਿਆਂ ਰੱਖਦੀ ਹੈ।

**– ਸਵਰਾਜਬੀਰ**


Rai Express Lines Ltd.



Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900

Email-kal@raiexpresslines.com www. raiexpressline.com

Unit 125-7475 135th Street, BC V3W 0M8

THE GRAND TAJ
BANQUET HALL

Khalsa Business Centre, 84th Ave. & 128th St., Surrey



CATERING SERVICE & MUSIC ARRANGEMENT

Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

604-599-4342

Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿਹਤ ਸੰਬੰਧੀ





# ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ। ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ। ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜ੍ਹੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ।

ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕੁਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ ’ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਐਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ। ਐਕਨੀ ਦੀ ਵਜ੍ਹਾ ਆਮ ਤੌਰ ’ਤੇ ਸਫ਼ਾਈ ਦੀ ਘਾਟ,




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579




ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ।

ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁੰਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ।ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:**

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ ’ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਉ
night & day
recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਵਿੱਕੀ ਵਾਰ-ਵਾਰ ਰਸੋਈ ਵਿੱਚ ਜਾਂਦਾ, ਖੰਡ ਦੇ ਡੱਬੇ ਨੂੰ ਖੋਲ੍ਹ ਕੇ ਕੁਝ ਦੇਖਦਾ, ਫਿਰ ਬੰਦ ਕਰ ਦਿੰਦਾ। ਉਹ ਦੇਖ ਕੇ ਪਤਨੀ ਨੇ ਕਿਹਾ, ''ਤੁਸੀਂ ਕੀ ਕਰ ਰਹੇ ਹੋ?''

ਵਿੱਕੀ, ''ਡਾਕਟਰ ਨੇ ਸ਼ੂਗਰ ਲੈਵਲ ਚੈੱਕ ਕਰਨ ਨੂੰ ਕਿਹਾ ਹੈ।''

*******

ਪਤੀ, ''ਚਾਹ ਬਣਾ ਦੇ ਜਲਦੀ।''
ਪਤਨੀ, ''ਖੁਦ ਬਣਾ ਲਵੋ ਨਾ।''
ਪਤੀ: "ਤੈਨੂੰ ਕੀ ਸਮੱਸਿਆ ਹੈ?"
ਪਤਨੀ, ''ਹਾਂ, ਤਾਂ ਮੇਰੇ ਵੀ ਗਲੇ ਵਿੱਚ ਦਰਦ ਹੈ।''
ਪਤੀ, ''ਠੀਕ ਹੈ, ਇੱਧਰ ਆ, ਤੂੰ ਮੇਰਾ ਸਿਰ ਘੁਟ ਦੇ ਤੇ ਮੈਂ ਤੇਰਾ ਗਲਾ ਘੁਟ ਦਿੰਨਾ ਹਾਂ।''

*******

ਭੋਲੂ (ਸੁਰਜੀਤ ਨੂੰ), ''ਤੂੰ ਟੀ ਵੀ ਦੇਖਦੇ ਹੋਏ ਰੋ ਕਿਉਂ ਰਿਹਾ ਸੀ? ਇੰਝ ਕਰਨਾ ਚੰਗਾ ਨਹੀਂ ਲੱਗਦਾ।''

ਸੁਰਜੀਤ, ''ਮੈਨੂੰ ਵੀ ਚੰਗਾ ਨਹੀਂ ਲੱਗਦਾ, ਪਰ ਕੀ ਕਰਾਂ ਇਹ ਮੇਰੇ ਵਿਆਹ ਦੀ ਸੀ ਡੀ ਹੈ।''

*******

ਪੱਪੂ ਨਾਮ ਦਾ ਇੱਕ ਬੱਚਾ ਗਾਇਬ ਹੋ ਗਿਆ ਤਾਂ ਉਸ ਦੇ ਮਾਤਾ ਪਿਤਾ ਨੇ 'ਵ੍ਹੱਟਸਐਪ' ਉੱਪਰ ਉਸ ਦੀ ਫੋਟੋ ਪਾਕੇ ਕਿਹਾ ਕਿ ਸਾਡੇ ਬੱਚੇ ਨੂੰ ਲੱਭਣ ਚ ਮਦਦ ਕਰੋ ਤੇ ਇਹ ਫ਼ੋਟੋ ਫਾਰਵਰਡ ਕਰੋ । ਪੱਪੂ ਉਸੇ ਦਿਨ ਸ਼ਾਮ ਨੂੰ ਘਰ ਆ ਗਿਆ ਲੇਕਿਨ ਅੱਜ ਤੱਕ ਵੀ ਉਸ ਦੀ ਫੋਟੋ ਫਾਰਵਰਡ ਹੋ ਰਹੀ ਹੈ।ਪੱਪੂ ਜਿੱਥੇ ਵੀ ਜਾਂਦਾ ਹੈ ਲੋਕ ਉਸ ਨੂੰ ਫੜ ਕੇ ਘਰ ਛੱਡ ਆਉਂਦੇ ਹਨ!

*******

ਸੰਤਾ (ਆਪਣੀ ਮਾਂ ਨੂੰ) - ਮਾਂ ਖੁਸ਼ਖਬਰੀ ਹੈ,
ਅਸੀਂ ਦੋ ਤਿੰਨ ਹੋ ਗਏ ਹਾਂ...
ਮਾਂ - ਵਧਾਈ ਹੋਵੇ ਬੇਟਾ, ਕੀ ਹੋ ਗਿਆ
ਪੁੱਤਰ ਜਾਂ ਧੀ?
ਸੰਤਾ - ਨਾ ਪੁੱਤਰ, ਨਾ ਧੀ,
ਮੇਰਾ ਦੂਜਾ ਵਿਆਹ ਹੋ ਗਿਆ।

*******

ਇੱਕ ਕੰਜੂਸ ਦਾ ਮੁੰਡਾ ਆਪਣੀ ਸਹੇਲੀ ਨਾਲ ਡੇਟ ਤੇ ਗਿਆ,
ਜਦੋਂ ਮੈਂ ਘਰ ਵਾਪਸ ਆਇਆ,
ਕੰਜੂਸ (ਗੁੱਸੇ ਵਿੱਚ) - ਤੁਸੀਂ ਕਿੰਨੇ ਪੈਸੇ ਖਰਚ ਕੀਤੇ,
ਪੁੱਤਰ- 500,
ਕੰਜੂਸ (ਗੁੱਸੇ) - 500,,,
ਬੇਟਾ - ਹਾਂ ਉਹ ਏਨੇ ਹੀ ਲੈਕੇ ਆਈ ਸੀ।

*******

ਚਿੰਪੂ (ਡਾਕਟਰ ਨੂੰ), ''ਤੁਸੀਂ ਨਰਸ ਬਹੁਤ ਹੀ ਚੰਗੀ ਰੱਖੀ ਹੈ, ਉਸਦੇ ਹੱਥ ਲਾਉਂਦੇ ਹੀ ਮੈਂ ਠੀਕ ਹੋ ਗਿਆ।''

ਡਾਕਟਰ, ''ਮੈਂ ਜਾਣਦਾ ਹਾਂ, ਹੱਥ ਲੱਗਣ ਦੀ ਆਵਾਜ਼ ਬਾਹਰ ਬੈਠੇ ਨੂੰ ਮੈਨੂੰ ਸੁਣ ਗਈ ਸੀ।''

........

ਮਾਲਕ (ਨੌਕਰ ਨੂੰ), ''ਜ਼ਰਾ ਦੇਖ ਕੇ ਦੱਸੀਂ ਕਿ ਟਾਈਮ ਕਿੰਨਾ ਹੋ ਗਿਐ?''

ਨੌਕਰ, ''ਜੀ, ਮੈਨੂੰ ਟਾਈਮ ਦੇਖਣਾ ਨਹੀਂ ਆਉਂਦਾ।''

ਮਾਲਕ, ''ਅੱਛਾ ਤਾਂ ਇਹ ਦੇਖ ਕੇ ਦੱਸ ਕਿ ਛੋਟੀ ਸੂਈ ਤੇ ਵੱਡੀ ਸੂਈ ਕਿਥੇ ਹਨ।''

ਨੌਕਰ, ''ਸਾਬ੍ਹ ਜੀ, ਦੋਵੇਂ ਸੂਈਆਂ ਘੜੀ ਵਿੱਚ ਹੀ ਹਨ।''

*******

ਪੱਪੂ ਦੀ ਦੋ ਕਰੋੜ ਦੀ ਲਾਟਰੀ ਨਿਕਲੀ..

ਲਾਟਰੀਵਾਲਾ, ''ਸਰ, ਤੁਹਾਨੂੰ ਟੈਕਸ ਕੱਟ ਕੇ 1.75 ਕਰੋੜ ਮਿਲਣਗੇ।''

ਪੱਪੂ, ''ਅਜਿਹਾ ਕਿਉਂ, ਮੈਂ ਦੋ ਕਰੋੜ ਦੀ ਲਾਟਰੀ ਦਾ ਟਿਕਟ ਖ਼ਰੀਦਿਆ ਸੀ?''

ਲਾਟਰੀਵਾਲਾ, ''ਦੇਖੋ ਸਰ, ਸਰਕਾਰ ਟੈਕਸ ਕੱਟ ਕੇ ਪੈਸੇ ਦਿੰਦੀ ਹੈ।''

ਪੱਪੂ, ''ਇਹ ਗ਼ਲਤ ਹੈ, ਮੈਨੂੰ ਮੇਰੇ ਪੂਰੇ ਦੋ ਕਰੋੜ ਦਿਓ ਨਹੀਂ ਤਾਂ ਮੇਰੇ ਟਿਕਟ ਦੇ 100 ਰੁਪਏ ਵਾਪਸ ਕਰੋ।''

*******

ਵੀਰੂ ਨੇ ਹੋਟਲ ਦੇ ਕਾਊਂਟਰ ਉੱਤੇ ਆ ਕੇ ਕਿਹਾ, ''ਬਈ ਮਜ਼ਾ ਆ ਗਿਆ। ਤੁਹਾਡੀ ਆਈਸ ਕਰੀਮ ਖਾ ਕੇ ਤਾਂ ਦਿਮਾਗ ਉੱਤੇ ਠੰਢਾ ਨਸ਼ਾ ਛਾ ਗਿਆ। ਇਸ ਨੂੰ ਹਟਾਉਣ ਲਈ ਕੋਈ ਚੀਜ਼ ਹੋਣੀ ਚਾਹੀਦੀ ਏ।''

''ਜੀ ਹਾਂ।'' ਮੈਨੇਜਰ ਨੇ ਕਿਹਾ ਨੇ ਕਿਹਾ, ''ਇਹ ਲਓ ਤੁਹਾਡਾ ਭਾਰੀ ਭਰਕਮ ਬਿੱਲ।''

*******

ਇੱਕ ਆਦਮੀ ਦੀ ਅਰਥੀ ਕੁਝ ਲੋਕ ਐਂਬੂਲੈਂਸ ਵਿੱਚ ਲੈ ਕੇ ਜਾ ਰਹੇ ਸਨ, ਪ੍ਰੰਤੂ ਚਲਾ ਕੇ ਨਹੀਂ, ਬਲਕਿ ਧੱਕਾ ਦੇ ਕੇ ਲਿਜਾ ਰਹੇ ਸਨ।

ਇੱਕ ਆਦਮੀ ਨੇ ਪੁੱਛਿਆ, ''ਮਰਨ ਵਾਲੇ ਦੀ ਅੰਤਿਮ ਇੱਛਾ ਕੀ ਸੀ?''

ਦੂਸਰੇ ਨੇ ਜਵਾਬ ਦਿੱਤਾ, ''ਹਰ ਹਾਲ ਵਿੱਚ ਪੈਟਰੋਲ ਦੀ ਬੱਚਤ ਕਰਨੀ ਹੈ।''

*******

ਵੀਰੂ ਨੇ ਕਮਲ ਨੂੰ ਦੱਸਿਆ, ''ਇਹ ਸੋਨੇ ਦਾ ਕੱਪ ਮੈਂ ਦੌੜ ਵਿੱਚ ਫਸਟ ਆਉਣ ਕਾਰਨ ਹਾਸਲ ਕੀਤਾ ਹੈ।''

ਕਮਲ, ''ਬਹੁਤ ਖੂਬ। ਤੇਰੇ ਪਿੱਛੇ ਕਿੰਨੇ ਲੋਕ ਸਨ।''

ਵੀਰੂ, ''ਤਿੰਨ। ਇੱਕ ਤਾਂ ਇਸ ਕੱਪ ਦਾ ਮਾਲਕ ਅਤੇ ਦੋ ਸਿਪਾਹੀ।

*******

ਇਕ ਜਨਾਬ ਘਬਰਾਏ ਹੋਏ ਆਏ ਤੇ ਘਰ ਵਾਲੀ ਨੂੰ ਮਹਿੰਦਰ, ''ਯਾਰ! ਮੈਨੂੰ ਉਸ ਕੁੜੀ ਤੋਂ ਬਚਾ।'' ਵਿਨੋਦ, ''ਕਿਉਂ?''

ਮਹਿੰਦਰ, ''ਜਦੋਂ ਤੋਂ ਮੈਂ ਕਿਹਾ ਹੈ ਕਿ ਦਿਲ ਚੀਰ ਕੇ ਦੇਖ, ਇਸ ਵਿੱਚ ਤੇਰਾ ਹੀ ਨਾਂ ਲਿਖਿਆ ਹੋਵੇਗਾ, ਸਾਲੀ ਚਾਕੂ ਲੈ ਕੇ ਮੇਰੇ ਪਿੱਛੇ ਹੀ ਪੈ ਗਈ ਹੈ।''

********

ਵਿਆਹ ਦੌਰਾਨ ਕੁੜੀ ਸ਼ਰਮਾਉਂਦੀ ਹੋਈ ਬੋਲੀ,''ਸੁਣੋ ਜੀ, ਅੱਜ ਤੋਂ ਤੁਹਾਡੇ ਬਿਨਾਂ ਮੈਂ ਨਹੀਂ ਅਤੇ ਮੇਰੇ ਬਿਨਾਂ ਤੁਸੀਂ ਨਹੀਂ।'' ਵਿਆਹ ਤੋਂ ਚਾਰ ਸਾਲ ਬਾਅਦ ਉਹੋ ਪਤਨੀ, ''ਕੁੱਤੇ ਰੁੱਕ ਜਾ, ਅੱਜ ਜਾਂ ਤੂੰ ਨਹੀਂ ਜਾਂ ਮੈਂ ਨਹੀਂ।''

********

ਗਰਲਫ੍ਰੈਂਡ, ''ਇਸ ਹਫਤੇ ਰੋਜ਼ ਸ਼ਾਪਿੰਗ ਕਰਾਂਗੇ, ਅਗਲੇ ਹਫਤੇ ਰੋਜ਼ ਫਿਲਮਾਂ ਦੇਖਾਂਗੇ।''

ਬੁਆਏਫਰੈਂਡ, ''ਉਸ ਤੋਂ ਅਗਲੇ ਹਫਤੇ ਰੋਜ਼ ਮੰਦਰ ਜਾਵਾਂਗੇ।'' ਗਰਲਫਰੈਂਡ, ''ਉਹ ਕਿਉਂ?''

ਬੁਆਏਫ੍ਰੈਂਡ, ''ਭੀਖ ਮੰਗਾਂਗੇ।''

********

ਇੱਕ ਸ਼ਰਾਬੀ ਨੇ ਆਪਣੀ ਪਤਨੀ ਨੂੰ ਆਫਿਸ ਪਾਰਟੀ ਤੋਂ ਐਸ ਐਮ ਐਸ ਕੀਤਾ, 'ਪਾਰਟੀ ਖਤਮ ਹੋਣ ਵਾਲੀ ਹੈ, ਇਹ ਆਖਰੀ ਪੈਗ ਹੈ, ਮੈਂ ਅੱਧੇ ਘੰਟੇ ਵਿੱਚ ਘਰ ਪਹੁੰਚ ਜਾਵਾਂਗਾ, ਜੇ ਨਾ ਪਹੁੰਚਿਆ ਤਾਂ ਇਸ ਐਸ ਐਮ ਐਸ ਨੂੰ ਮੁੜ ਪੜ੍ਹ ਲਵੀਂ, ਯੂਅਰ ਲਵ।'

********

ਪ੍ਰੇਮੀ-ਪ੍ਰੇਮਿਕਾ ਨੇ ਜਦ ਇੱਕ ਦੂਜੇ ਨਾਲ ਵਿਆਹ ਕਰਨ ਦਾ ਵਾਅਦਾ ਕਰ ਲਿਆ ਤਾਂ ਪ੍ਰੇਮਿਕਾ ਬੋਲੀ, 'ਡਾਰਲਿੰਗ, ਇੱਕ ਗੱਲ ਮੈਂ ਸਾਫ ਦੱਸ ਦਿਆਂ ਕਿ ਮੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ।'

ਪ੍ਰੇਮੀ, ''ਕੋਈ ਗੱਲ ਨਹੀਂ ਡਾਰਲਿੰਗ, ਮੈਂ ਵੀ ਪਹਿਲਾਂ ਹੀ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਕਵੀ ਹਾਂ ਅਤੇ ਮੇਰੇ ਘਰ 'ਚ ਪਕਾਉਣ ਲਈ ਕੁਝ ਹੈ ਹੀ ਨਹੀਂ।''

********

ਮਹਾਤਮਾ (ਸ਼ਰਾਬੀ ਨੂੰ), ''ਤੇਰੇ ਸਾਹਾਂ 'ਚ ਸ਼ਰਾਬ ਦੀ ਇੰਨੀ ਬਦਬੂ ਆਉਂਦੀ ਹੈ ਕਿ ਤੈਨੂੰ ਸਵਰਗ 'ਚ ਤਾਂ ਕੀ, ਨਰਕ 'ਚ ਵੀ ਜਗ੍ਹਾ ਨਹੀਂ ਮਿਲੇਗੀ...।''

ਸ਼ਰਾਬੀ, ''...ਪਰ ਮਹਾਤਮਾ ਜੀ, ਮਰਨ ਤੋਂ ਬਾਅਦ ਤਾਂ ਮੈਂ ਆਪਣੇ ਸਾਹ ਇਥੇ ਹੀ ਛੱਡ ਜਾਵਾਂਗਾ।''

********

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ। ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।''

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।''

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ। ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।''

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।''

********

ਪੱਪੂ ਕੌਨ ਬਨੇਗਾ ਕਰੋੜਪਤੀ ਸ਼ੋਅ ਵਿੱਚ ਗਿਆ।
ਅਮਿਤਾਭ ਬੱਚਨ ਨੇ ਉਸ ਨੂੰ ਪੁੱਛਿਆ, ''ਪੱਪੂ ਜੀ, ਤੁਸੀਂ ਕਿਸ ਦੇ ਨਾਲ ਇਥੇ ਆਏ ਹੋ?''
ਪੱਪੂ, ''ਪਿਤਾ ਜੀ ਨਾਲ।''
ਅਮਿਤਾਭ, ''ਤੁਹਾਡੇ ਪਿਤਾ ਜੀ ਦਾ ਸ਼ੁੱਭ ਨਾਂ?''
ਪੱਪੂ, ''ਹਾਂ ਜੀ।''
ਅਮਿਤਾਭ, ''ਕੀ ਨਾਂ ਹੈ ਤੁਹਾਡੇ ਪਿਤਾ ਜੀ ਦਾ?''
ਪੱਪੂ, ''ਜੀ।''
ਅਮਿਤਾਭ, ''ਓ ਪੱਪੂ ਜੀ, ਮੈਂ ਤੁਹਾਡੇ ਕੋਲੋਂ ਤੁਹਾਡੇ ਪਿਤਾ ਜੀ ਦਾ ਨਾਂ ਪੁੱਛ ਰਿਹਾ ਹਾਂ।''
ਪੱਪੂ, ''ਪਹਿਲਾਂ ਮੈਨੂੰ ਚਾਰ ਆਪਸ਼ਨ ਤਾਂ ਦਿਓ।''

********

ਨੂੰਹ ਨੇ ਆਪਣੇ ਸਹੁਰੇ ਨੂੰ ਕਿਹਾ- ਪਿਤਾ ਜੀ, ਇਲਾਇਚੀ ਖਤਮ ਹੋ ਗਈ, ਤੁਸੀਂ ਲੈ ਕੇ ਆਓਗੇ?

ਸਹੁਰਾ- ਬੇਟਾ ਇਲਾਇਚੀ ਤੇਰੀ ਸੱਸ ਦਾ ਨਾਂ ਹੈ, ਸਾਡੇ ਘਰ ਬਜ਼ੁਰਗਾਂ ਦਾ ਨਾਂ ਨਹੀਂ ਲਿਆਂ ਜਾਂਦਾ।

ਨੂੰਹ: ਪਿਤਾ ਜੀ ਅਗਲੀ ਵਾਰੀ ਖਿਆਲ ਰੱਖਾਂਗੀ!

ਨੂੰਹ - ਪਿਤਾ ਜੀ, ਮਾਂ, ਖਤਮ ਹੋ ਗਈ ਹੈ, ਬਜ਼ਾਰ ਤੋਂ ਲੈ ਆਇਉ!

********

SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits


604.543.3886
SINGH THIND & ASSOCIATES
BARRISTERS & SOLICITORS

# ਇਤਿਹਾਸ ਦੀ ਨੁਹਾਰ ਬਦਲਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੁਨੀਆ ਦੇ ਇਤਿਹਾਸ ਵਿਚ ਇਕ ਅਦੁੱਤੀ ਧਰਮ-ਗੁਰੂ ਅਤੇ ਮਹਾਨ ਕ੍ਰਾਂਤੀਕਾਰੀ ਮੁਹਿੰਮਕਾਰ ਦੇ ਰੂਪ ਵਿਚ 'ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਦੀ ਭੂਮਿਕਾ ਬੇਮਿਸਾਲ ਹੈ। ਉਨ੍ਹਾਂ ਦੀ ਰੂਹਾਨੀਅਤ ਅਤੇ ਪੈਗੰਬਰੀ ਦਾ ਘੇਰਾ ਬਹੁਤ ਵੱਡਾ ਹੈ। ਉਨ੍ਹਾਂ ਦੀ ਅਗਵਾਈ ਸਾਰੀ ਮਨੁੱਖਤਾ ਲਈ ਸਾਂਝੀ ਹੈ। ਮਨੁੱਖ-ਮਨੁੱਖ ਵਿਚਕਾਰ ਕਿਸੇ ਕਿਸਮ ਦਾ ਕੋਈ ਵਿਤਕਰਾ ਉਨ੍ਹਾਂ ਨੂੰ ਮਨਜ਼ੂਰ ਨਹੀਂ। ਇਤਿਹਾਸ ਗਵਾਹ ਹੈ ਕਿ ਆਪਣੀ ਕਥਨੀ ਤੇ ਕਰਨੀ ਨਾਲ ਉਨ੍ਹਾਂ ਨੇ ਇਤਿਹਾਸ ਦਾ ਰੁਖ਼ ਮੋੜ ਦਿੱਤਾ ਸੀ, ਭਵਿੱਖ ਦੀ ਨੁਹਾਰ ਬਦਲ ਦਿੱਤੀ ਸੀ।

ਹਕੀਮ ਅੱਲਾ ਯਾਰ ਖ਼ਾਂ ਜੋਗੀ ਨੇ ਆਪਣੀ ਰਚਨਾ 'ਗੰਜਿ-ਸ਼ਹੀਦਾਂ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਸ਼ਖ਼ਸੀਅਤ ਦਾ ਬਿਆਨ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਕੀਤਾ ਹੈ। ਉਸ ਦਾ ਕਹਿਣਾ ਹੈ :

'ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਯਹ ਪਿਆਰ ਮੁਰੀਦੋਂ ਸੇ ਯੇਹ ਸ਼ਫ਼ਕਤ ਭੀ ਕਹੀਂ ਹੈ।
ਭਗਤੀ ਮੇਂ ਗੁਰੂ ਅਰਸ਼ ਹੈ ਸੰਸਾਰ ਮੇਂ ਜ਼ਿਮੀਂ ਹੈ।
ਉਲ਼ਫ਼ਤ ਕੇ ਯੇ ਜਜ਼ਬੇ ਨਹੀਂ ਦੇਖੇ ਕਹੀਂ ਹਮਨੇਂ।
ਹੈ ਦੇਖਨਾ ਏਕ ਬਾਤ, ਸੁਨੇ ਭੀ ਨਹੀਂ ਹਮਨੇਂ।'

ਆਪਣੀ ਆਤਮ ਕਥਾ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ-ਉਦੇਸ਼ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਮੈਨੂੰ ਪਰਮ-ਪੁਰਖ ਪਰਮਾਤਮਾ ਨੇ ਸੰਸਾਰ 'ਤੇ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਭੇਜਿਆ ਹੈ ਅਤੇ ਨਾਲ ਹੀ ਇਹ ਜ਼ਿੰਮੇਵਾਰੀ ਵੀ ਦਿੱਤੀ ਹੈ ਕਿ ਜਿਥੇ ਕਿਤੇ ਲੋੜ ਪਵੇ, ਧਰਮ ਦੇ ਪ੍ਰਸਾਰ ਵਿਚ ਰੁਕਾਵਟ ਬਣਨ ਵਾਲੇ ਦੋਖੀਆਂ ਤੇ ਦੁਸ਼ਟਾਂ ਨੂੰ ਸਜ਼ਾ ਵੀ ਦੇਵਾਂ :

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵਿ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨਿ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨ ਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥ (ਬਚਿਤਰ ਨਾਟਕ)

ਰਤਾ ਗਹਿਰਾਈ ਨਾਲ ਵਿਚਾਰੀਏ ਤਾਂ ਸਪੱਸ਼ਟ ਹੋਵੇਗਾ ਕਿ ਗੁਰੂ ਸਾਹਿਬ ਦੇ ਧਰਮ ਦੇ ਪ੍ਰਚਾਰ-ਪ੍ਰਸਾਰ ਤੇ ਦੁਸ਼ਟਾਂ ਦੇ ਨਾਸ਼ ਦੀ ਵਿਆਪਕ ਯੋਜਨਾ, ਇਕ ਵੱਡੇ ਬਦਲਾਅ ਦੇ ਅੰਦੋਲਨ ਨੂੰ ਸਮਰਪਿਤ ਸੀ। ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਦੀ ਜਿਸ ਗੱਲ ਨੇ ਆਮ ਜਨਤਾ ਨੂੰ ਸਭ ਤੋਂ ਵੱਧ ਅਸਰਅੰਦਾਜ਼ ਕੀਤਾ-ਉਹ ਸੀ ਉਨ੍ਹਾਂ ਦੀ ਸਮਾਜਿਕ ਬਦਲਾਅ ਪ੍ਰਤੀ ਪ੍ਰਤੀਬੱਧਤਾ। ਉਨ੍ਹਾਂ ਦੇ ਹਰ ਵਿਹਾਰ ਵਿਚੋਂ ਇਹ ਪ੍ਰਤੀਬੱਧਤਾ ਪਰਿਪੱਕ ਹੋ ਰਹੀ ਪ੍ਰਤੀਤ ਹੁੰਦੀ ਹੈ।

ਦਰਅਸਲ, ਦਸਮ ਪਿਤਾ ਸਮਾਜ ਦੇ ਪਛੜੇ ਤੇ ਸ਼ੋਸ਼ਿਤ ਵਰਗ ਨੂੰ ਸੰਗਠਿਤ ਕਰ ਕੇ ਰਾਜ ਤੇ ਜੋਗ ਦੋਹਾਂ ਖੇਤਰਾਂ ਵਿਚ ਵਿਸ਼ੇਸ਼ ਰਚਨਾਤਮਿਕ ਭੂਮਿਕਾ ਨਿਭਾਉਣ ਲਈ ਕਾਰਜਸ਼ੀਲ ਕਰਨਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਬ੍ਰਾਹਮਣੀ ਵਰਣ ਵਿਵਸਥਾ ਵਾਲੇ ਸਮਾਜ ਦੇ ਵੱਡੇ ਹਿੱਸੇ, ਜਿਹੜਾ ਇਕ ਪਾਸੇ ਸੱਤਾ ਦੇ ਖੇਤਰ ਵਿਚ ਅਪ੍ਰਸੰਗਿਕ ਹੈ ਅਤੇ ਵਿਤਕਰੇ ਤੇ ਜ਼ੁਲਮ ਦਾ ਸ਼ਿਕਾਰ ਹੈ, ਨੂੰ ਨਿੱਗਰ ਹਿੱਸੇਦਾਰੀ ਪ੍ਰਾਪਤ ਹੋਵੇ। ਕੋਈ ਸੰਸਾ ਨਹੀਂ ਕਿ ਪਰਜਾ ਨੂੰ ਹਾਕਮ ਦਾ ਦਰਜਾ ਦਿਵਾਉਣਾ ਉਨ੍ਹਾਂ ਦਾ ਉਦੇਸ਼ ਸੀ। ਐਸਾ ਇਸ ਲਈ ਕਿਉਂਕਿ ਪਰਜਾ ਨੂੰ ਹਾਕਮ ਦੇ ਰੂਪ ਵਿਚ ਸਥਾਪਿਤ ਕਰਨ ਨਾਲ ਸਮਾਜ ਦਾ ਪਛੜਿਆ ਤੇ ਸ਼ੋਸ਼ਿਤ ਵਰਗ ਰਾਜ ਸੱਤਾ ਦਾ ਭਾਗੀਦਾਰ ਬਣ ਜਾਵੇਗਾ ਅਤੇ ਦੂਜੇ ਪਾਸੇ ਰਾਜ ਸੱਤਾ ਕਿਸੇ ਵਿਸ਼ੇਸ਼ ਵਰਗ ਦੇ ਹੱਥਾਂ ਵਿਚ ਕੇਂਦਰਿਤ ਨਹੀਂ ਹੋ ਸਕੇਗੀ। ਇਤਿਹਾਸ ਦੇ ਪੰਨਿਆਂ ਵਿਚੋਂ ਸਾਨੂੰ ਇਸ ਹਕੀਕਤ ਦਾ ਚਾਨਣਾ ਹੁੰਦਾ ਹੈ ਕਿ ਜਦੋਂ ਪਹਾੜੀ ਰਾਜਿਆਂ ਨੇ ਆਪਣੀ ਕੁਲ ਤੇ ਜਾਤ ਦੇ ਅਭਿਮਾਨ ਦਾ ਪ੍ਰਗਟਾਵਾ ਕਰਦਿਆਂ ਗੁਰੂ ਜੀ ਦੀ ਸਮਾਜਿਕ ਪਰਿਵਰਤਨ ਦੀ ਮੁਹਿੰਮ ਵਿਚ ਸ਼ਾਮਿਲ ਹੋਣ ਤੋਂ ਨਾਂਹ ਕਰ ਦਿੱਤੀ ਅਤੇ ਆਪਣੀ ਨਾਂਹ ਦਾ ਕਾਰਨ ਇਹ ਦੱਸਿਆ ਕਿ ਗੁਰੂ ਸਾਹਿਬ ਚਾਰੇ ਵਰਣਾਂ ਨੂੰ ਇਕ ਮੰਨਦੇ ਹਨ ਅਤੇ ਜਾਤ ਭੇਦ ਵਿਚ ਵਿਸ਼ਵਾਸ ਨਹੀਂ ਰੱਖਦੇ, ਤਾਂ ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ ਨੇ ਪਹਾੜੀ ਰਾਜਿਆਂ ਨੂੰ ਚਿਤਾਵਨੀ ਦੀ ਸੁਰ ਵਿਚ ਵੰਗਾਰ ਕੇ ਕਿਹਾ ਸੀ ਕਿ ਜਿਨ੍ਹਾਂ ਨੂੰ ਤੁਸੀਂ ਸ਼ੂਦਰ ਕਹਿੰਦੇ ਹੋ ਇਕ ਦਿਨ ਉਹ ਹਾਕਮ ਹੋਣਗੇ ਅਤੇ ਤੁਸੀਂ ਉਨ੍ਹਾਂ ਦੀ ਪਰਜਾ ਬਣ ਕੇ ਰਹੋਗੇ। ਪੰਥ ਪ੍ਰਕਾਸ਼ ਦੀਆਂ ਇਹ ਸਤਰਾਂ ਵੇਖਣ ਵਾਲੀਆਂ ਹਨ :

ਪਰਜਾ ਤੇ ਹਾਕਮ ਕਰ ਦੀਨੇ ਹਿੰਦੂ ਤੁਰਕ ਤੇ ਨਿਆਰੇ।
ਜਮਨਾ ਤੇ ਕਾਬਲ ਲੋ ਇਨ ਕਾ ਰਾਜ ਹੋਇ ਹੈ ਸਾਰੇ।
ਤੁਮ ਭੀ ਇਨ ਕੀ ਪਰਜਾ ਥੈਹੋ ਸੂਦ੍ਰ ਜਿਨੈ ਬਤੈ ਹੋ।
ਦੀਨ ਬੰਧ ਮੈ ਤਬੈ ਸਦੈਹੋਂ ਦੀਨਨ ਰਾਜ ਭੁਗੈ ਹੋ।

ਕੁਇਰ ਸਿੰਘ ਦੇ 'ਗੁਰ-ਬਿਲਾਸ' ਨੇ ਵੀ ਦਸਮ ਪਿਤਾ ਦੀ ਉਸ ਮਨੋਸਥਿਤੀ ਦਾ ਜ਼ਿਕਰ ਕੀਤਾ ਹੈ, ਜਿਹੜੀ ਗੁਰੂ ਸਾਹਿਬ ਦੇ ਇਸ ਦ੍ਰਿੜ੍ਹ ਸੰਕਲਪ ਦੇ ਪਿਛੋਕੜ ਵਿਚ ਕਾਰਜਸ਼ੀਲ ਸੀ। ਚਿੜੀਆਂ ਕੋਲੋਂ ਬਾਜ ਤੁੜਵਾਉਣ, ਸਹੇ ਨੂੰ ਸ਼ੇਰ ਬਣਾਉਣ ਦਾ ਗੁਰੂ-ਸੰਕਲਪ ਨਿਸਚਿਤ ਰੂਪ ਵਿਚ ਵਿਤਕਰਿਆਂ ਅਤੇ ਸ਼ੋਸ਼ਣ ਦੀ ਸ਼ਿਕਾਰ ਆਮ ਜਨਤਾ ਨੂੰ ਸਮਾਜ ਵਿਚ ਉੱਚੇ ਦਰਜੇ 'ਤੇ ਪਹੁੰਚਾਉਣ ਅਤੇ ਸੱਤਾ ਵਿਚ ਭਾਈਵਾਲੀ ਦਿਵਾਉਣ ਦਾ ਸੰਕਲਪ ਹੈ :

ਮੈਂ ਅਸਪਾਨਿਜ ਤਬ ਲਖੋ ਕਰੋ ਐਸ ਯੋ ਕਾਮ॥
ਚਿੜੀਅਨ ਬਾਜ ਤੁਰਾਯ ਹੋ ਸਸੇ ਕਰੋ ਸਿੰਘ ਸਾਮ॥
ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੁਤਾ ਕਛੁ ਨਾਹ॥
ਤਾਤੇ ਕਾਜ ਕੀਓ ਇਹੈ ਬਾਜ ਹਨੈ ਚਿੜੀਆਹ॥

ਗੁਰੂ ਪਾਤਸ਼ਾਹ ਦੀ ਇਹ ਨਿਸਚਿਤ ਯੋਜਨਾ ਸੀ ਕਿ ਉਹ ਵਿਤਕਰਿਆਂ ਦੇ ਸ਼ਿਕਾਰ ਭਾਰਤੀ ਸਮਾਜ ਦੀਆਂ ਵੱਖ-ਵੱਖ ਜਾਤਾਂ ਤੇ ਫ਼ਿਰਕਿਆਂ ਨੂੰ ਏਕਤਾ ਦੇ ਸੂਤਰ ਵਿਚ ਪਰੋ ਕੇ ਅਰਥਪੂਰਨ ਜੀਵਨ ਜਿਊਣ ਦੀ ਜਾਚ ਸਿਖਾਉਣਗੇ ਅਤੇ ਫਿਰ ਰਾਜ ਸੱਤਾ ਵਿਚ ਆਪਣੀ ਭਾਗੀਦਾਰੀ ਪ੍ਰਾਪਤ ਕਰਨ ਲਈ ਤਿਆਰ-ਬਰ-ਤਿਆਰ ਕਰਨਗੇ। ਇਸ ਹਕੀਕਤ ਨੂੰ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਸਮੁੱਚੀ ਗੁਰੂ ਪਰੰਪਰਾ ਧਰਮ, ਵਿਸ਼ਵਾਸ ਅਤੇ ਵਿਚਾਰਾਂ ਦੀ ਅਭਿਵਿਅਕਤੀ ਦੀ ਸੁਤੰਤਰਤਾ ਦੀ ਭਰਪੂਰ ਮੁਦੱਈ ਰਹੀ ਹੈ। ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਤਾਂ ਮਨੁੱਖੀ ਏਕਤਾ ਅਤੇ ਵਿਚਾਰਾਂ ਦੀ ਸੁਤੰਤਰਤਾ ਦੀ ਰਾਖੀ ਲਈ ਆਪਣਾ ਸੀਸ ਬਲੀਦਾਨ ਕਰ ਦਿੱਤਾ ਸੀ ਅਤੇ ਉਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਦਸਮ ਪਿਤਾ ਨੇ ਵੀ ਹਰ ਪ੍ਰਕਾਰ ਦੇ ਵਿਤਕਰਿਆਂ ਤੋਂ ਮੁਕਤ ਸਮਾਜ ਦੀ ਉਸਾਰੀ ਲਈ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ।ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜਿਕ ਪਰਿਵਰਤਨ ਦੇ ਇਨਕਲਾਬ ਨੇ ਸਮੁੱਚੀ ਸਮਾਜੀ ਵਿਵਸਥਾ ਦੀ ਨੁਹਾਰ ਨੂੰ ਬਦਲ ਦਿੱਤਾ ਸੀ। ਸਦੀਆਂ ਤੋਂ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਚਲਿਆ ਆ ਰਿਹਾ ਭਾਰਤੀ ਸਮਾਜ ਦਾ ਇਕ ਵੱਡਾ ਹਿੱਸਾ ਸਮਾਜੀ ਤੇ ਰਾਜਸੀ ਪੱਧਰ 'ਤੇ ਸੱਤਾ ਵਿਚ ਹਿੱਸੇਦਾਰੀ ਮੰਗਣ ਦੀ ਰਾਹ 'ਤੇ ਤੁਰ ਪਿਆ ਸੀ। ਇਕ ਨਵੀਂ ਜਾਗਰੂਕਤਾ ਪੈਦਾ ਹੋ ਗਈ ਸੀ, ਆਮ ਆਦਮੀ ਨੂੰ ਆਸ ਦੀ ਕਿਰਨ ਨਜ਼ਰ ਆਉਣੀ ਸ਼ੁਰੂ ਹੋ ਗਈ ਸੀ, ਸਦੀਆਂ ਤੋਂ ਵਿਤਕਰੇ ਦਾ ਨਿਜ਼ਾਮ ਚਲਾਉਣ ਵਾਲੇ ਆਗੂ-ਵਰਗ ਦੀ ਸੋਚ ਵਿਚ ਤਬਦੀਲੀ ਆਉਣ ਲੱਗ ਪਈ ਸੀ। ਸੱਚਮੁਚ ਇਹ ਪਰਿਵਰਤਨ ਹਰ ਲਿਹਾਜ਼ ਨਾਲ ਬਹੁਤ ਮਹੱਤਵਪੂਰਨ ਸੀ ਅਤੇ ਭਾਰਤੀ ਸਮਾਜ ਇਸ ਪਰਿਵਰਤਨ ਦੇ ਇਨਕਲਾਬ ਦੇ ਮੋਢੀ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਮੇਸ਼ਾ ਰਿਣੀ ਰਹੇਗਾ। ਭਾਈ ਨੰਦ ਲਾਲ ਦੀਆਂ ਇਹ ਪੰਕਤੀਆਂ ਸਦੀਆਂ ਤੋਂ ਵਿਤਕਰੇ ਦੇ ਸ਼ਿਕਾਰ ਬੇਸਹਾਰਾ ਪਛੜੇ ਵਰਗ ਦੀ ਬਾਂਹ ਫੜਨ ਵਾਲੇ ਗੁਰੂ ਸਾਹਿਬ ਨੂੰ ਅਕੀਦਤ ਪੇਸ਼ ਕਰਨ ਲਈ ਬਹੁਤ ਢੁਕਵੀਆਂ ਹਨ :

ਕਾਦਿਰੇ ਹਰਕਾਰ ਗੁਰੂ ਗੋਬਿੰਦ ਸਿੰਘ।
ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ।

ਇਥੇ ਇਕ ਹੋਰ ਜ਼ਰੂਰੀ ਨੁਕਤਾ ਗੁਰੂ ਸਾਹਿਬ ਦੀ ਸ਼ਾਹਕਾਰ ਰਚਨਾ 'ਜ਼ਫ਼ਰਨਾਮਹ' ਦੇ ਹਵਾਲੇ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਇਸ ਰਚਨਾ ਵਿਚ ਵੇਲੇ ਦੇ ਹੁਕਮਰਾਨ ਦੀ ਨਿਰੰਕੁਸ਼ ਤੇ ਤਾਨਾਸ਼ਾਹੀ ਕਾਰਜਗੁਜ਼ਾਰੀ ਉੱਪਰ ਤਿੱਖਾ ਪ੍ਰਤੀਕਰਮ ਦਰਜ ਹੈ। ਸਖ਼ਤ ਸ਼ਬਦਾਂ ਵਿਚ ਤਾੜਨਾ ਕੀਤੀ ਗਈ ਹੈ ਕਿ ਰਾਜਸੀ ਸੱਤਾ ਹਾਸਲ ਕਰਨ ਲਈ ਅਤੇ ਉਸ ਉੱਪਰ ਕਾਬਜ਼ ਰਹਿਣ ਲਈ ਲੋਕਾਂ ਉੱਪਰ ਤਸ਼ੱਦਦ ਕਰਨਾ, ਇਨਸਾਫ਼ ਦਾ ਰਾਹ ਛੱਡ ਦੇਣਾ, ਰੱਬ ਦੀ ਦਰਗਾਹ ਵਿਚ ਇਕ ਸੰਗੀਨ ਗੁਨਾਹ ਹੈ। ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਗੁਰੂ ਸਾਹਿਬ ਕਹਿੰਦੇ ਹਨ-ਨਾ ਤੇਰੇ ਪਾਸ ਇਮਾਨ ਹੈ, ਨਾ ਸ਼ਰ੍ਹਾ ਦੀ ਸੂਝ। ਨਾ ਤੇਰੇ ਪਾਸ ਰੱਬ ਦੀ ਪਛਾਣ ਹੈ, ਨਾ ਹੀ ਤੇਰਾ ਹਜ਼ਰਤ ਮੁਹੰਮਦ 'ਤੇ ਭਰੋਸਾ :

ਨਾ ਈਮਾਂ ਪ੍ਰਸਤੀ ਨ ਔਜਾ-ਇ ਦੀਂ॥
ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀਂ॥

ਸਮੁੱਚੇ ਸੰਦਰਭ ਵਿਚ ਪ੍ਰੋ: ਪੂਰਨ ਸਿੰਘ ਦੀ ਇਕ ਲਿਖਤ ਦੀਆਂ ਕੁਝ ਸਤਰਾਂ ਇਥੇ ਦਰਜ ਕਰਨਾ ਚਾਹੁੰਦਾ ਹਾਂ। ਉਨ੍ਹਾਂ ਦਾ ਕਥਨ ਹੈ-'ਗੁਰੂ ਦੇ ਸਿੱਖ ਘੋੜ ਸਵਾਰ ਬਣੇ। ਉਨ੍ਹਾਂ ਨੇ ਕਿਰਪਾਨਾਂ ਸਜਾਈਆਂ ਅਤੇ ਜੇਤੂ ਮਹਾਰਾਜਿਆਂ ਵਾਲੀਆਂ ਪੁਸ਼ਾਕਾਂ ਪਹਿਨੀਆਂ, ਪਰ ਅਜਿਹਾ ਉਹ 'ਵਾਹੁ! ਵਾਹੁ!' ਦੇ ਸਿਮਰਨ ਕਰਦੇ ਹੀ ਬਣੇ। ਗੁਰੂ ਜੀ ਦੀ ਨਾਮ ਬਾਣੀ ਵਿਚ ਪੁਨਰ ਜੀਵਤ ਹੋ ਕੇ ਵਿਅਕਤੀ ਆਤਮਿਕ ਅਨੁਭਵ ਦੀ ਸੁਤੰਤਰਤਾ ਵਿਚ ਅਨੰਤ ਹੋ ਗਿਆ। ਗੁਰੂ ਦਾ ਹਰ ਸਿੱਖ, ਸ਼ਕਤੀ, ਪ੍ਰੇਮ ਤੇ ਸੇਵਾ ਦੀ ਸਾਕਾਰ ਪ੍ਰਤਿਭਾ ਹੈ ਅਤੇ ਇਹ ਪ੍ਰਤਿਭਾ ਦੀ ਪ੍ਰਭੁਤਾ ਗੁਰੂ ਜੀ ਨੇ ਪੰਜਾਬ ਦੇ ਦੱਬੇ-ਢੱਠੇ ਲੋਕਾਂ, ਹਲ-ਵਾਹਕਾਂ, ਲੱਕੜ-ਹਾਰਿਆਂ, ਕਲਾਲਾਂ ਅਤੇ ਹੋਰ ਨੀਵੀਆਂ ਜਾਤੀਆਂ ਦੇ ਪ੍ਰਾਣੀਆਂ ਨੂੰ ਦਾਤਾਂ ਵਜੋਂ ਬਖ਼ਸ਼ੀ।'

ਆਖ਼ਰ ਵਿਚ, ਹਿੰਦੀ ਜਗਤ ਦੇ ਮੰਨੇ-ਪ੍ਰਮੰਨੇ ਸਾਹਿਤਕਾਰ ਹਜ਼ਾਰੀ ਪ੍ਰਸਾਦ ਦਿਵੇਦੀ ਦੇ ਇਸ ਮੱਤ ਨਾਲ ਆਪਣੀ ਗੱਲ ਸਮਾਪਤ ਕਰ ਰਿਹਾ ਹਾਂ ਕਿ ਜੋ ਕੁਝ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਰ


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ

ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



**60 LUXURIOUS CONDOS**

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

**KITCHEN**

• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology

• Full size stainless steel appliances: refrigerator, stove, dish washer, hood fan and microwave • Garburator

**BATHROOM**

• Large mirror with light bar • Under-mount porcelain sink with modern single lever faucet • Master with full stand up shower and full height ceramic tiles

• Modern bathroom accessories **WARRANTY • 2-5-10 year**

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਨਿਆਂ-ਅਨਿਆਂ

ਅਲਾਹਾਬਾਦ ਹਾਈਕੋਰਟ ਦੇ ਲਖਨਊ ਬੈਂਚ ਨੇ ਉੱਤਰ ਪ੍ਰਦੇਸ਼ ਵਿਚ 1991 'ਚ ਹੋਏ ਦਸ ਸਿੱਖਾਂ ਦੇ ਫਰਜ਼ੀ ਮੁਕਾਬਲੇ ਵਿਚ ਮੌਤ ਦੇ 43 ਦੋਸ਼ੀਆਂ ਦੀ ਸਜ਼ਾ ਘਟਾ ਦਿੱਤੀ ਹੈ। ਇਹ ਸਿੱਖ ਪੀਲੀਭੀਤ ਖੇਤਰ ਦੇ ਨਿਵਾਸੀ ਸਨ।ਸੀਬੀਆਈ ਅਦਾਲਤ ਨੇ 2016 ਵਿਚ ਇਨ੍ਹਾਂ ਮੁਲਜ਼ਮਾਂ ਨੂੰ ਤਾਜ਼ੀਰਾਤੇ-ਹਿੰਦ ਦੀ ਧਾਰਾ 302 ਤਹਿਤ ਦੋਸ਼ੀ ਮੰਨਦਿਆਂ ਉਮਰ ਕੈਦ ਦੀ ਸਜ਼ਾ ਦਿੱਤੀ ਸੀ। ਹਾਈਕੋਰਟ ਨੇ ਤਾਜ਼ੀਰਾਤੇ-ਹਿੰਦ ਦੀ ਧਾਰਾ 300 ਦੀ ਵਿਆਖਿਆ ਕਰਦਿਆਂ ਕਿਹਾ ਹੈ ਕਿ ਪੁਲੀਸ ਕਰਮਚਾਰੀਆਂ ਨੂੰ ਧਾਰਾ 302 ਤਹਿਤ ਹੱਤਿਆ ਦੇ ਦੋਸ਼ੀ ਨਹੀਂ ਮੰਨਿਆ ਜਾ ਸਕਦਾ। ਹਾਈਕੋਰਟ ਨੇ ਉਨ੍ਹਾਂ ਨੂੰ ਧਾਰਾ 304 (1) ਤਹਿਤ ਗ਼ੈਰ-ਇਰਾਦਤਨ ਮਨੁੱਖੀ ਕਤਲ ਦੇ ਦੋਸ਼ੀ ਮੰਨਦਿਆਂ ਸਜ਼ਾ ਘਟਾ ਕੇ 7 ਸਾਲ ਕਰ ਦਿੱਤੀ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਹਾਈਕੋਰਟ ਨੇ ਤਾਜ਼ੀਰਾਤੇ-ਹਿੰਦ ਦੀਆਂ ਧਾਰਾਵਾਂ ਦੀ ਸਹੀ ਵਿਆਖਿਆ ਨਹੀਂ ਕੀਤੀ।ਇਹ ਵਿਆਖਿਆ ਇਸ ਲਈ ਸਹੀ ਨਹੀਂ ਮੰਨੀ ਜਾ ਰਹੀ ਕਿਉਂਕਿ ਹਾਈਕੋਰਟ ਨੇ ਖ਼ੁਦ ਸਵੀਕਾਰ ਕੀਤਾ ਹੈ ਕਿ ਪੁਲੀਸ ਸਾਰੇ ਮ੍ਰਿਤਕਾਂ ਦੇ ਅਪਰਾਧਕ ਪਿਛੋਕੜ ਨੂੰ ਸਾਬਤ ਕਰਨ ਵਿਚ ਅਸਫ਼ਲ ਰਹੀ ਹੈ। ਪੁਲੀਸ ਅਨੁਸਾਰ ਮੁਕਾਬਲੇ ਵਿਚ ਮਾਰੇ ਗਏ ਵਿਅਕਤੀਆਂ ਵਿਚੋਂ ਚਾਰ ਦਾ ਖਾਲਿਸਤਾਨ ਲਿਬਰੇਸ਼ਨ ਫਰੰਟ ਨਾਲ ਸਬੰਧ ਸੀ। ਸੀਬੀਆਈ ਦੀ ਤਫ਼ਤੀਸ਼ ਵਿਚ ਇਹ ਸਾਬਤ ਹੋਇਆ ਸੀ ਕਿ ਪੁਲੀਸ ਵੱਲੋਂ 12 ਜੁਲਾਈ 1991 ਦੀ ਰਾਤ ਨੂੰ ਬੱਸ ਵਿਚ ਯਾਤਰਾ ਕਰ ਰਹੇ 11 ਲੋਕਾਂ ਨੂੰ ਲਾਹ ਲਿਆ ਗਿਆ ਅਤੇ ਉਨ੍ਹਾਂ ਵਿਚ 10 ਨੂੰ ਅਤਿਵਾਦੀ ਦਰਸਾ ਕੇ ਫਰਜ਼ੀ ਪੁਲੀਸ ਮੁਕਾਬਲੇ ਵਿਚ ਮਾਰ ਦਿੱਤਾ। ਦੋਸ਼ ਲਗਾਇਆ ਜਾਂਦਾ ਰਿਹਾ ਹੈ ਕਿ 11ਵਾਂ ਸ਼ਖ਼ਸ ਇਕ ਬੱਚਾ ਸੀ ਜਿਸ ਦਾ ਹੁਣ ਤਕ ਕੋਈ ਪਤਾ ਨਹੀਂ ਲੱਗਾ। ਜੇ ਪੁਲੀਸ ਦੇ ਚਾਰ ਵਿਅਕਤੀਆਂ ਦੇ ਦਹਿਸ਼ਤਗਰਦ ਜਥੇਬੰਦੀ ਨਾਲ ਸਬੰਧ ਹੋਣ ਨੂੰ ਸਹੀ ਮੰਨ ਵੀ ਲਿਆ ਜਾਏ ਤਾਂ ਵੀ ਪੁਲੀਸ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਉਨ੍ਹਾਂ ਨੂੰ ਮਾਰ ਦੇਵੇ। ਮ੍ਰਿਤਕਾਂ ਨੂੰ ਬੱਸ 'ਚੋਂ ਕੱਢਣ ਦਾ ਘਟਨਾਕ੍ਰਮ ਹੀ ਇਹ ਸਾਬਿਤ ਕਰਦਾ ਹੈ ਕਿ ਪੁਲੀਸ ਕਰਮਚਾਰੀਆਂ ਨੇ ਉਨ੍ਹਾਂ ਦੀ ਹੱਤਿਆ ਕੀਤੀ।

1991 ਵਿਚ ਹੋਈ ਘਟਨਾ ਦਾ ਫ਼ੈਸਲਾ 2016 ਵਿਚ ਹੋਇਆ, ਭਾਵ ਨਿਆਂ ਪ੍ਰਾਪਤ ਕਰਨ ਲਈ 25 ਸਾਲ ਲੱਗੇ। ਹੁਣ ਹਾਈਕੋਰਟ ਦੁਆਰਾ ਸਜ਼ਾ ਘਟਾਉਣ ਨੇ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ ਨੂੰ ਮੁੜ ਤਾਜ਼ਾ ਕਰ ਦਿੱਤਾ ਹੈ।

ਤਫ਼ਤੀਸ਼ ਕਰਨ ਅਤੇ ਬਾਅਦ ਵਿਚ ਨਿਆਂਪਾਲਿਕਾ ਰਾਹੀਂ ਨਿਆਂ ਪ੍ਰਾਪਤ ਕਰਨ ਦੀ ਪ੍ਰਕਿਰਿਆ ਪੀੜਤਾਂ ਵਿਚ ਬੇਚੈਨੀ ਪੈਦਾ ਕਰਦੀ ਹੈ। ਪੁਲੀਸ ਜਾਂ ਸਰਕਾਰੀ ਕਰਮਚਾਰੀਆਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਨੂੰ ਸਾਬਿਤ ਕਰਨਾ ਹਮੇਸ਼ਾ ਬਹੁਤ ਔਖਾ ਹੁੰਦਾ ਹੈ। ਪੀੜਤ ਪਰਿਵਾਰ ਲੰਮੇ ਸਮੇਂ ਲਈ ਦਰਦ ਭਰੇ ਸਫ਼ਰ 'ਚੋਂ ਲੰਘਦੇ ਅਤੇ ਨਿਆਂ ਪ੍ਰਾਪਤ ਕਰਨ ਲਈ ਧੱਕੇ ਖਾਂਦੇ ਹਨ। ਹਾਈਕੋਰਟ ਵੱਲੋਂ ਲਏ ਇਸ ਫ਼ੈਸਲੇ ਦਾ ਹੋਰ ਕੇਸਾਂ 'ਤੇ ਵੀ ਪ੍ਰਭਾਵ ਪੈ ਸਕਦਾ ਹੈ।

ਸੀਬੀਆਈ ਨੂੰ ਇਸ ਮਾਮਲੇ ਦੀ ਸੁਪਰੀਮ ਕੋਰਟ ਵਿਚ ਅਪੀਲ ਕਰਨੀ ਚਾਹੀਦੀ ਹੈ।

---

ਵਿਖਾਇਆ, ਉਸ ਨੇ ਇਤਿਹਾਸ ਦੀ ਦਿਸ਼ਾ ਬਦਲ ਦਿੱਤੀ ਸੀ। ਉਨ੍ਹਾਂ ਦਾ ਕਹਿਣਾ ਹੈ- 'ਇਤਿਹਾਸ ਦੇ ਪੰਡਿਤਾਂ ਨੇ ਬੜੇ ਅਸਚਰਜ ਨਾਲ ਦੇਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਦਭੁੱਤ ਚਮਤਕਾਰ ਕਰ ਦਿਖਾਇਆ। ਜਨਤਾ ਨਿਰਾਸ਼ ਸੀ, ਉਸ ਵਿਚ ਕਿਸੇ ਕਿਸਮ ਦਾ ਆਤਮ-ਸਨਮਾਨ ਨਹੀਂ ਰਹਿ ਗਿਆ ਸੀ। ਅੱਤਿਆਚਾਰ ਅਤੇ ਅਨਾਚਾਰ ਨੂੰ ਕਿਸਮਤ ਦਾ ਦੋਸ਼ ਕਹਿ ਕੇ ਸਵੀਕਾਰ ਕਰ ਲਿਆ ਜਾਂਦਾ ਸੀ। ਐਸੇ ਹੀ ਲੋਕਾਂ ਵਿਚ ਉਨ੍ਹਾਂ ਨੇ ਮਹਾਨ ਸੂਰਬੀਰ ਪੈਦਾ ਕਰ ਦਿੱਤੇ। ਮੌਤ ਦੇ ਡਰ ਨੂੰ ਮੰਨੋ, ਮੰਤਰ ਦੀ ਸ਼ਕਤੀ ਨਾਲ ਉਡਾ ਦਿੱਤਾ। ਸਿਰ ਹਥੇਲੀ ਉੱਤੇ ਰੱਖ ਕੇ ਇਨ੍ਹਾਂ ਯੋਧਿਆਂ ਨੇ ਅਨਿਆਂ ਨੂੰ ਲਲਕਾਰਿਆ ਅਤੇ ਦੇਖਦਿਆਂ-ਦੇਖਦਿਆਂ ਇਤਿਹਾਸ ਪਲਟ ਦਿੱਤਾ। ਇਤਿਹਾਸ ਵਿਚ ਇਹੋ ਜਿਹੀ ਕੋਈ ਹੋਰ ਘਟਨਾ ਘੱਟ ਹੀ ਵੇਖੀ ਗਈ ਹੈ। ਕਾਲ ਦੇ ਰੱਥ-ਚੱਕਰ ਨੂੰ ਇਸ ਤਰ੍ਹਾਂ ਮੋੜ ਦੇਣਾ, ਗੁਰੂ ਜੀ ਦੀ ਹੀ ਕਰਾਮਾਤ ਸੀ।

**-ਡਾਕਟਰ ਜਸਪਾਲ ਸਿੰਘ ਦਿੱਲੀ**

## ਦਲੇਰ ਔਰਤ

"ਉਏ, ਚੁਬਾਰੇ ਦੀ ਤਾਕੀ 'ਚ ਬਲੂੰਗੜਾ ਫਸਿਆ ਪਿਐ, ਜੇ ਛੇਤੀ ਨਾ ਕੱਢਿਆ ਤਾਂ ਬਚਾਰਾ ਮਰ ਜਾਊ । ਉਹ ਬੁਰੀ ਤਰ੍ਹਾਂ ਤੜਫ਼ ਰਿਹੈ ਬਚਾਰਾ।" ਉਸ ਨੇ ਲੇਲੜੀਆਂ ਕੱਢਦਿਆਂ ਸੱਥ 'ਚ ਬੈਠੇ ਮੁੰਡਿਆਂ ਵੱਲ ਇਸ਼ਾਰਾ ਕਰਦਿਆਂ ਕਿਹਾ "ਤੂੰ ਆਪਣੀ ਤੀਵੀਂ ਨੂੰ ਕਹਿ, ਉਹ ਬਥੇਰੀ ਦਲੇਰ ਹੈ। ਉਹ ਬਲੂੰਗੜੇ ਨੂੰ ਤਾਕੀ 'ਚੋਂ ਕੱਢ ਕੇ ਜਾਨ ਬਚਾ ਦੇਊ।" ਇੱਕ ਮੁੰਡੇ ਨੇ ਮਸ਼ਕਰੀ ਕਰਦੇ ਕਿਹਾ।ਇਹ ਗੱਲ ਸੁਣ ਕੇ ਉਹ ਮਸੋਸਿਆ ਜਿਹਾ ਗਿਆ ਅਤੇ ਸਿਰ ਸੁੱਟ ਕੇ ਵਾਪਸ ਚਲਿਆ ਗਿਆ।

"ਏਸ ਦੀ ਤੀਵੀਂ ਬੜੀ ਦਲੇਰ ਔਰਤ ਹੈ, ਪਹਿਲਾਂ ਆਪਣੀ ਸੱਸ ਮਰਵਾ ਦਿੱਤੀ ਜਿਸ ਨੇ, ਪੇਕਿਆਂ 'ਚੋਂ ਇਨ੍ਹਾਂ ਨੂੰ ਦਸ ਕਿੱਲੇ ਜ਼ਮੀਨ ਮਿਲ ਗਈ, ਫੇਰ ਏਸ ਦਾ ਆਪਣਾ ਸਹੁਰਾ ਮਰ ਗਿਆ ਜਿਸ ਦਾ ਚੂਲਾ ਟੁੱਟ ਗਿਆ ਸੀ, ਫੇਰ ਭੈਣ ਦਾ ਤਲਾਕ ਕਰਵਾ 'ਤਾ, ਹੁਣ ਏਹਦੀ ਵਾਰੀ ਐ...।" ਇੱਕ ਹੋਰ ਨੇ ਉਬਾਸੀ ਲੈਂਦਿਆਂ ਕਿਹਾ, "ਏਹਨੂੰ ਬਲੂੰਗੜੇ ਦਾ ਫ਼ਿਕਰ ਮਾਰੀ ਜਾਂਦੈ - ਦਲੇਰ ਔਰਤ ਦੇ ਘਰਵਾਲੇ ਨੂੰ...।"

**-ਡਾ: ਚਰਨ ਸਿੰਘ ਪਿੰਡ ਤੇ ਡਾਕ:ਝਲੂਰ (ਬਰਨਾ.ਲਾ)**

## ਫ਼ਰਿਸ਼ਤੇ

ਸ਼ਹਿਰ ਵਿਚ ਹੜਤਾਲ ਅਤੇ ਕੋਰੋਨਾ ਦੇ ਕਹਿਰ ਕਾਰਨ ਆਵਾਜਾਈ ਘੱਟ ਹੀ ਸੀ। ਸਹਿਮ ਦਾ ਸਾਇਆ ਫ਼ੈਲਿਆ ਹੋਇਆ ਸੀ। ਇਕ ਔਰਤ ਦੀ ਮਜਬੂਰੀ ਉਸ ਨੂੰ ਸ਼ਹਿਰ ਲੈ ਆਈ ਸੀ,ਪਰ ਬੱਸ ਸਰਵਿਸ ਨਾ ਮਾਤਰ ਹੋਣ ਕਾਰਨ ਔਰਤ ਦੀ ਮੁਸ਼ਕਿਲ ਵਧਦੀ ਜਾ ਰਹੀ ਸੀ, ਉਹ ਪਿੰਡ ਕਿਵੇਂ ਜਾਵੇਗੀ।

ਏਨੇ ਵਿਚ ਹੀ ਉਸ ਨੂੰ ਪਿੰਡ ਵੱਲ ਜਾਂਦੀ ਇਕ ਜੀਪ ਮਿਲ ਗਈ। ਸ਼ੁਕਰ ਹੈ, ਜੀਪ ਵਾਲਿਆਂ ਨੇ ਉਸ ਨੂੰ ਲਿਫਟ ਦੇ ਦਿੱਤੀ। ਅਜਿਹੇ ਸਹਿਮ ਦੇ ਮੌਸਮ ਵਿਚ ਜੀਪ ਵਾਲੇ ਉਸ ਨੂੰ ਫ਼ਰਿਸ਼ਤੇ ਬਣਕੇ ਬਹੁੜੇ। ਪਰ ਉਸ ਦੀ ਹੈਰਾਨਗੀ ਦੀ ਹੱਦ ਹੋ ਗਈ ਜਦ ਜੀਪ ਵਾਲੇ ਉਸ ਨੂੰ ਸੁੰਨਸਾਨ ਜਗ੍ਹਾ ਇੱਕ ਮੋਟਰ ਉੱਪਰ ਲੈ ਗਏ।

ਜੀਪ ਵਾਲਿਆਂ ਦੀ ਮਨਸ਼ਾ ਦੇਖ ਕੇ ਔਰਤ ਨੇ ਕਾਲਾ ਲਿਫਾਫ਼ਾ ਅੱਗੇ ਕਰਦਿਆਂ ਕਿਹਾ, "ਮੈਂ ਤਾਂ ਹਸਪਤਾਲੋਂ ਕੋਰੋਨਾ ਦੀ ਦੁਆਈ ਲੈ ਕੇ ਆਈ ਹਾਂ ?"

ਇਹ ਸੁਣ ਕੇ ਜੀਪ ਵਾਲਿਆਂ ਦੇ ਹੱਥਾਂ ਦੇ ਤੋਤੇ ਉੱਡ ਗਏ ਅਤੇ ਅਗਲੇ ਹੀ ਪਲ ਉਹ ਜੀਪ ਲੈ ਕੇ ਤਿੱਤਰ ਹੋ ਗਏ।

**-ਡਾ: ਚਰਨ ਸਿੰਘ**

# ਨਿੱਜੀ ਆਜ਼ਾਦੀ ਦਾ ਮਹੱਤਵ

ਸੁਪਰੀਮ ਕੋਰਟ ਲਈ ਕੋਈ ਵੀ ਕੇਸ ਘੱਟ ਮਹੱਤਵ ਵਾਲਾ ਨਹੀਂ ਹੈ। ਜੇ ਅਸੀਂ ਨਿੱਜੀ ਆਜ਼ਾਦੀ ਦੇ ਮਾਮਲਿਆਂ ਵਿਚ ਕਾਰਵਾਈ ਨਹੀਂ ਕਰਨੀ ਤਾਂ ਇੱਥੇ ਕੀ ਕਰ ਰਹੇ ਹਾਂ?'' ਇਹ ਸ਼ਬਦ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀਵਾਈ ਚੰਦਰਚੂੜ ਨੇ ਸ਼ੁੱਕਰਵਾਰ ਬਿਜਲੀ ਚੋਰੀ ਕਰਨ ਦੇ ਦੋਸ਼ੀ ਦੀ ਪਟੀਸ਼ਨ ਸੁਣਦਿਆਂ ਕਹੇ। ਇਸ ਵਿਅਕਤੀ ਨੂੰ ਬਿਜਲੀ ਚੋਰੀ ਕਰਨ ਦੇ ਨੌਂ ਮਾਮਲਿਆਂ ਵਿਚ ਦੋਸ਼ੀ ਪਾਇਆ ਗਿਆ ਸੀ। ਹੇਠਲੀ ਅਦਾਲਤ ਨੇ ਸਪੱਸ਼ਟ ਆਦੇਸ਼ ਨਹੀਂ ਸਨ ਦਿੱਤੇ ਕਿ ਉਹ ਹਰ ਕੇਸ ਵਿਚ ਦੋ ਸਾਲ ਦੀ ਸਜ਼ਾ ਵਾਰੀ ਵਾਰੀ ਕੱਟੇਗਾ, ਭਾਵ 18 ਸਾਲ ਜੇਲ੍ਹ ਵਿਚ ਰਹੇਗਾ ਜਾਂ ਸਾਰੇ ਕੇਸਾਂ ਵਿਚ 2 ਸਾਲਾਂ ਲਈ ਮਿਲੀਆਂ ਸਜ਼ਾਵਾਂ ਉਸ ਦੇ ਜੇਲ੍ਹ ਜਾਣ ਵਾਲੇ ਦਿਨ ਤੋਂ ਸ਼ੁਰੂ ਹੋ ਜਾਣਗੀਆਂ ਅਤੇ ਉਸ ਨੂੰ ਦੋ ਸਾਲਾਂ ਬਾਅਦ ਰਿਹਾਅ ਕਰ ਦਿੱਤਾ ਜਾਵੇਗਾ। ਦੋਸ਼ੀ ਨੇ ਅਲਾਹਾਬਾਦ ਹਾਈ ਕੋਰਟ ਤਕ ਪਹੁੰਚ ਕੀਤੀ ਤਾਂ ਇਹ ਕਿਹਾ ਗਿਆ ਕਿ ਉਹ ਇਹ ਸਜ਼ਾਵਾਂ ਵਾਰੀ ਵਾਰੀ ਕੱਟੇਗਾ, ਭਾਵ 18 ਸਾਲ ਨਜ਼ਰਬੰਦ ਰਹੇਗਾ। ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਹੈ ਕਿ ਹਾਈ ਕੋਰਟ ਨੇ ਸਹੀ ਨਿਰਣਾ ਨਹੀਂ ਸੀ ਲਿਆ। ਸੁਪਰੀਮ ਕੋਰਟ ਅਨੁਸਾਰ ਵਾਰੀ ਵਾਰੀ ਸਜ਼ਾ ਕੱਟਣ ਦੇ ਅਸੂਲ ਨੂੰ ਇਸ ਕੇਸ ਵਿਚ ਲਾਗੂ ਕਰ ਕੇ ਬਿਜਲੀ ਚੋਰੀ ਕਰਨ ਦੇ ਦੋਸ਼ੀ ਨੂੰ ਗੰਭੀਰ ਜੁਰਮ ਕਰਨ ਵਾਲੇ ਅਪਰਾਧੀਆਂ (ਜਿਨ੍ਹਾਂ ਨੂੰ 7 ਸਾਲ ਜਾਂ ਜ਼ਿਆਦਾ ਮਿਆਦ ਲਈ ਜੇਲ੍ਹ ਦੀ ਸਜ਼ਾ ਦਿੱਤੀ ਜਾਂਦੀ ਹੈ) ਦੀ ਸ਼੍ਰੇਣੀ ਵਿਚ ਸ਼ਾਮਲ ਕਰ ਦਿੱਤਾ ਗਿਆ ਜੋ ਨਿਆਂ-ਸੰਗਤ ਨਹੀਂ ਹੈ। ਚੀਫ ਜਸਟਿਸ ਨੇ ਕਿਹਾ, ''ਤੁਸੀਂ ਬਿਜਲੀ ਚੋਰੀ ਨੂੰ ਕਤਲ ਦੇ ਕੇਸ ਦੀ ਪੱਧਰ 'ਤੇ ਨਹੀਂ ਰੱਖ ਸਕਦੇ।'' ਸਰਬਉੱਚ ਅਦਾਲਤ ਨੇ ਕਿਹਾ ਕਿ ਇਸ ਵਿਅਕਤੀ ਜੋ 2019 ਤੋਂ ਜੇਲ੍ਹ ਵਿਚ ਹੈ, ਨਾਲ ਅਨਿਆਂ ਹੋਇਆ ਹੈ।


GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All



ATLAS
ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

# ਕਾਵਿ ਕਿਆਰੀ

## ਕਵਿਤਾ

ਦਾਦੇ ਨੇ ਸਾਂਭੀ ਸਰਦਾਰੀ, ਦਿੱਤਾ ਸੀ ਸੀਸ ਦਿਲੀ ਨੂੰ
ਸਿੰਘ ਆਏ ਮਰਦੇ ਮੁੱਢ ਤੋਂ, ਪੈਂਦੀ ਨਾ ਚੀਸ ਦਿਲੀ ਨੂੰ
ਬੰਨੀ ਜੋ ਸਿਰ ਤੇ ਪਗੜੀ ਖੋਲ ਨਾ ਜਾਇਉ ਵੇ,,
ਛੱਡਿਉ ਨਾ ਧਰਮ ਵੇ ਆਪਣਾ ਡੋਲ ਨਾ ਜਾਇਉ ਵੇ...,
ਰਹਿਉ ਤੁਸੀਂ ਕੈਮ ਧਰਮ ਤੇ...,,,

ਰੱਖਿਆ ਹੈ ਧਰਮ ਪਿਆਰਾ ਜੱਗ ਦੇ ਵਿੱਚ ਖਾਲਸਾ
ਦੇਣਗੇ ਲਾਲਚ ਪਾਪੀ , ਕਰਿਉ ਨਾ ਲਾਲਸਾ,,
ਧਰਮ ਨੂੰ ਤੱਕੜੀ ਲਾਲਚ ,ਵਿਚ ਤੋਲ ਨਾ ਜਾਇਉ ਵੇ
ਛੱਡਿਉ ਨਾ ਧਰਮ ਆਪਣਾ ਡੋਲ ਨਾ ਜਾਇਉ ਵੇ,,,2
ਛੱਡਣਾ ਨੀ ਧਰਮ ਆਪਣਾ,,,,

ਦੇਵਾਂਗੇ ਅਸੀਂ ਜਗੀਰਾਂ ,ਕਹਿਣਾ ਹੈ ਚੋਰਾ ਨੇ
ਸਿਰ ਤੇ ਜੋ ਕੇਸ ਤੁਹਾਡੇ ਇਹੀ ਪੁੱਤ ਮੋਹਰਾ ਨੇ,,
ਕੜਾ ਕਿਰਪਾਨ ਸਾਭਿਉਂ ਮਧੋਲ ਨਾ ਜਾਇਉ ਵੇ
ਛੱਡਿਉ ਨਾ ਧਰਮ ਆਪਣਾ ਡੋਲ ਨਾ ਜਾਇਉ ਵੇ
ਰਹਿਣਾ ਤੁਸੀ ਕੈਮ ਧਰਮ ਤੇ..

ਗਾਉਦੀ ਹੈ ਵਾਰਾਂ ਦੁਨੀਆਂ ਧਰਮ ਲਈ ਮਰਦੇ ਜੋ
ਪਾਉਂਦੀ ਹੈ ਲੱਖ ਲਾਹਣਤਾ ਪਾਪ ਨੇ ਕਰਦੇ ਜੋ
ਜੱਗੀ ਜੋ ਲਿਖ ਨਾ ਪਾਵੇ,ਕੁਝ ਬੋਲ ਨਾ ਜਾਇਉ ਵੇ
ਛੱਡਿਉ ਨਾ ਧਰਮ ਆਪਣਾ ਡੋਲ ਨਾ ਜਾਇਉ ਵੇ,,,
ਰਹਿਉ ਤੁਸੀ ਕੈਮ ਧਰਮ ਤੇ,,,,

**-ਜੱਗੀ ਪੰਡਤ ਕੁਵੈਤ**

## .ਗਜ਼ਲ

**ਜਗਜੀਤ ਕੌਰ ਢਿੱਲਵਾਂ**

ਮੈਂ ਵੀ ਪੱਥਰ ਹੋ ਜਾਵਾਂ, ਪਰ ਮੁਸ਼ਕਿਲ ਹੈ।
ਹਰ ਗੱਲ ਦਿਲ 'ਤੇ ਨਾ ਲਾਵਾਂ, ਪਰ ਮੁਸ਼ਕਿਲ ਹੈ।
ਸ਼ਾਹੀ ਸਿਆਹੀ ਲੈ ਕੇ ਫਿਰ ਮੈਂ ਗੀਤ ਲਿਖਾਂ।
ਜ਼ਾਬਰ ਦੀ ਉਸਤਤ ਗਾਵਾਂ,ਪਰ ਮੁਸ਼ਕਿਲ ਹੈ।
'ਆਪਾਂ ਨੂੰ ਕੀ' ਕਹਿ ਕੇ ਪੱਲਾ ਝਾੜ ਲਵਾਂ।
ਗੂੰਗੀ ਬਹਿਰੀ ਹੋ ਜਾਵਾਂ, ਪਰ ਮੁਸ਼ਕਿਲ ਹੈ।
ਰੂਹ ਨਿੱਤ ਪੀੜ ਹੰਢਾਵੇ ਜਿਨ੍ਹਾਂ ਬੋਲਾਂ ਦੀ,
ਉਹ ਕੌੜੇ ਬੋਲ ਭੁਲਾਵਾਂ, ਪਰ ਮੁਸ਼ਕਿਲ ਹੈ।
ਖੋਹ ਚਿੜੀਆਂ ਤੋਂ ਚੋਗਾ ਜਦ ਉੱਡ ਬਾਜ਼ ਗਿਆ।
ਉਹ ਆਖੇ ਸ਼ੋਰ ਨਾ ਪਾਵਾਂ, ਪਰ ਮੁਸ਼ਕਿਲ ਹੈ।
ਆਪਣੀ ਸੋਚ ਨੂੰ ਮਨਫ਼ੀ ਕਰਕੇ ਜੀਵਨ 'ਚੋਂ,
'ਹਾਂ' ਸਭਨਾਂ ਨਾਲ਼ ਮਿਲਾਵਾਂ, ਪਰ ਮੁਸ਼ਕਿਲ ਹੈ।
ਦੌਰ ਖ਼ੁਸ਼ਾਮਦ ਵਾਲ਼ਾ ਤੂੰ ਵੀ ਬਦਲ ਮਨਾਂ।
ਮੈਂ ਮਨ ਨੂੰ ਸਮਝਾਵਾਂ, ਪਰ ਮੁਸ਼ਕਿਲ ਹੈ।
ਦਿਲ ਕਰਦੈ ਕੱਢ ਦਿਲ ਦੇ ਵਿੱਚੋਂ ਰੀਝਾਂ ਨੂੰ,
ਫਿਰ ਇੱਕ ਇੱਕ ਰੀਝ ਪੁਗਾਵਾਂ, ਪਰ ਮੁਸ਼ਕਿਲ ਹੈ।
ਸੁਰ ਧਾਗੇ ਵਿੱਚ ਮੋਤੀ ਸ਼ਬਦ ਪਰੋ ਕੇ ਮੈਂ,
ਗੈਰਾਂ ਦੇ ਗਲ ਵਿੱਚ ਪਾਵਾਂ, ਪਰ ਮੁਸ਼ਕਿਲ ਹੈ।

## ਧੰਨ ਧੰਨ ਸਤਿਗੁਰ ਤੇਗ ਬਹਾਦਰ ਜੀ

ਧੰਨ ਧੰਨ ਸਤਿਗੁਰ ਤੇਗ ਬਹਾਦਰ,
ਧੰਨ ਥੋਡੀ ਕੁਰਬਾਨੀ ਜੀ।
ਸਾਰੀ ਦੁਨੀਆਂ ਅੰਦਰ ਸਤਿਗੁਰ,
ਥੋਡਾ ਨਾ ਕੋਈ ਸਾਨੀ ਜੀ।
ਧੰਨ ਧੰਨ.....।

ਪੂਰਬ ਜਨਮ ਸਮੁੰਦ ਰਿਖੀ ਜੀ,
ਘੋਰ ਤਪੱਸਿਆ ਕੀਤੀ ਸੀ ।
ਤਾਂ ਹੀ ਬਾਲ ਉਮਰ ਤੋਂ ਥੋਡੀ,
ਪ੍ਰਭੂ ਨਾਲ਼ ਪ੍ਰੀਤੀ ਸੀ ।
ਤਿਆਗ ਮੱਲ ਸੀ ਤਿਆਗੀ ਧੁਰ ਤੋਂ,
ਰੰਗੀ ਰੂਹ ਰੂਹਾਨੀ ਜੀ।
ਧੰਨ ਧੰਨ .....।

ਚੰਡੀ ਸਰਣਿ ਵਿੱਚ ਸੀ ਆਈ,
ਪੈਜ ਤੁਸਾਂ ਨੇ ਰੱਖੀ ਸੀ ।
ਭਗਤ ਵਛਲ ਨੂੰ ਪੈਦਾ ਕਰਕੇ,
ਭੀੜ ਰਾਖਸ਼ੀ ਭੱਖੀ ਸੀ ।
ਭੇਜ ਦਿੱਤੇ ਫਿਰ ਹੇਮਕੁੰਟ ਨੂੰ,
ਦੁਸ਼ਟ ਦਮਨ ਬਲਵਾਨੀ ਜੀ ।
ਧੰਨ ਧੰਨ......

ਫੜਕੇ ਤੇਗ ਜੰਗ ਜਦ ਕੀਤਾ,
ਤੇਗ ਬਹਾਦਰ ਕਹਾਏ ਸੀ ।
ਸੇਵਾ ਤਿਆਗ ਦੀ ਮੂਰਤ,
ਮਾਤਾ ਗੂਜਰੀ ਨਾਲ਼ ਪਰਨਾਏ ਸੀ।
ਭੋਰੇ ਵਿੱਚ ਬਹਿ ਭਗਤੀ ਕੀਤੀ,
ਹੋ ਗਈ ਰੂਹ ਨੂਰਾਨੀ ਜੀ
ਧੰਨ ਧੰਨ.....।

ਬਾਬੇ ਬਕਾਲੇ ਪ੍ਰਗਟ ਕੀਤੇ,
ਮੱਖਣ ਸ਼ਾਹ ਲੁਬਾਣੇ ਨੇ ।
ਸਤਿਗੁਰ ਉੱਤੇ ਚਲਾਈ ਗੋਲੀ,
ਗੁਰਾਂ ਦੇ ਦੋਖੀ ਲਾਣੇ ਨੇ ।
ਸ਼ਾਂਤ ਰਹਿਣ ਲਈ ਕਿਹਾ ਸਿੱਖਾਂ ਨੂੰ,ਰਹਿਕੇ ਇੱਕ
ਸਮਾਨੀ ਜੀ ।
ਧੰਨ ਧੰਨ .....।

ਅਨੰਦਪੁਰ ਨਗਰ ਵਸਾਇਆ ਸਤਿਗੁਰ,
ਜੋ ਹੈ ਪੁਰੀ ਅਨੰਦਾਂ ਦੀ।
ਦਰਨਾਂ ਦੇ ਵਿੱਚ ਸੰਗਤ ਸੰਗਤ ਜੁੜਦੀ,
ਧਰਤੀ ਦੇ ਨੌਂ ਖੰਡਾਂ ਦੀ।
ਧਰਮ ਕਰਮ, ਸੇਵਾ ਤੇ ਸਿਮਰਨ,
ਡਦੇ ਦਾਤ ਰੱਬਾਨੀ ਜੀ ।
ਧੰਨ ਧੰਨ.....।

ਵੱਲ ਅਸਾਮ ਦੇ ਗੱਲ ਪਾਏ,
ਰਾਹ ਵਿੱਚ ਪਟਨਾ ਆਇਆ ਜੀ।
ਜਿੱਥੇ ਦਸਵੀਂ ਜੋਤ ਨੇ ਆਕੇ,
ਜੱਗ ਨੂੰ ਦਰਸ ਦਿਖਾਇਆ ਜੀ ।
ਭਗਤ ਵਛਲ ਤੋਂ ਦੁਸ਼ਟ ਦਮਨ,
ਗੁਰੂ ਗੋਬਿੰਦ ਸਿੰਘ ਕਹਾਨੀ ਜੀ।
ਧੰਨ ਧੰਨ .....।

ਫੇਰ ਦੁਬਾਰਾ ਪੰਡਤ ਚੱਲ ਕਸ਼ਮੀਰੋਂ,
ਅਨੰਦਪੁਰ ਆਏ ਸੀ ।
ਔਰੰਗਜ਼ੇਬ ਨੇ ਹੁਣ ਜਦ ਜੰਜੂ,
ਗਲ਼ਾਂ ਦੇ ਵਿੱਚੋਂ ਲਹਾਏ ਸੀ ।
ਮੁੜ ਇੱਕ ਵਾਰੀ ਜ਼ੁਲਮ ਨੂੰ ਥੰਮਿਆ,
ਦੇ ਦਿੱਤੀ ਕੁਰਬਾਨੀ ਸੀ।
ਧੰਨ ਧੰਨ .....।

'ਰਸੀਆ' ਲਿਖਦਾ ਕਥਾ ਇਲਾਹੀ
ਜੋ ਸੰਤ 'ਰੰਧਾਵੇ' ਦੱਸੀ ਜੀ।
ਸਤਿਗੁਰ ਦੀ ਕੁਰਬਾਨੀ ਨਾਲ਼,
ਸਦਾ ਸੁਖੀ ਲੁਕਾਈ ਵੱਸੀ ਜੀ।
ਪਰਉਪਕਾਰ ਸੁਭਾਅ ਸਤਿਗੁਰ ਦਾ,
ਸੱਚੀ ਇਹੋ ਨਿਸ਼ਾਨੀ ਜੀ।
ਧੰਨ ਧੰਨ .....।



**ਗੁਰਜਿੰਦਰ ਸਿੰਘ ਰਸੀਆ,**
**ਧਨੌਲਾ ( ਬਰਨਾ਼ਲਾ),**
**ਮੁਬਾਇਲ 98787-57904**

ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ
ਪੰਜਾਬ ਸਵੀਟ ਹਾਊਸ
ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।
ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।
WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ
2 Locations to Serve you
#4-12818-72 Ave., Surrey, BC
604-591-7611
#8A-31205 Old Yale Rd., Abbotsford, BC
604-504-1761

Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
• Low Cost & High Quality Legal Service
• Honest Advice & Customized Solutions
• Client's Satisfaction & Peace of Mind
• Best Results

CHARANJEET KAUR RAINA
LAWYER AND NOTARY PUBLIC
778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# Home Improvement

## TOOR LANDSCAPING & FENCE

### RESIDENTIAL & COMMERCIAL

• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $240 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ | ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

• TAPPING & FINISHING
• TEXTURED CEILINGS
• KITCHEN-BATHROOM
• BOARDING
• STEEL STUD
• PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੈਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

**ਟੇਪਰਾਂ ਦੀ ਤੁਰੰਤ ਲੋੜ ਹੈ**

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

**604.760.1732, 604.442-1571**

## ਸੰਦਲ ਰੈਨੋਵੇਸ਼ਨ

### Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੇਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ : 604-725-6270**

## HIGH STAR HOME RENOVATION

ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ।ਨਵੇਂ ਘਰ ਦੀ ਉਸਾਰੀ ਦੀ ਮੁਕੰਮਲ ਦੇਖਭਾਲ ਵੀ ਕਰਦੇ ਹਾਂ ਅਤੇ ਬੇਸਮੈਂਟ ਵੀ ਬਣਾਉਂਦੇ ਹਾਂ।ਅਸੀਂ ਕਸਟਮਮੇਡ ਘਰ ਵੀ ਬਣਾ ਕੇ ਦਿੰਦੇ ਹਾਂ।



Free Estimate ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Jagveer: 236-515-4532**

## DAWN RENOVATION

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

Commercial & Residential

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*

ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਂਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

## BT LINE PAINTING CO.

ਟੇਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

• Doors
• Mouldings
• Fire Place
• Base Board
• Hardy Plank
• Wood Floor



All kinds of exterior finishing

**Sanjeev Dhir 778.320.9413**

sanjeevkumarsk52@gmail.com

# HOME IMPROVEMENT

## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239

#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



MANJIT

CLASS "A" CERTIFIED & LICENCED ELECTRICIANS

## SINGH RAJ

RENOVATION CO.



We noticed your house needs minor repair
Unsure ofyourhousehold fixtures?
Just to replace or repair? Get it Done Today!

We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲੰਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.






We Built Custom Homes

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਸਰਬੰਸਦਾਨੀ ਅਤੇ ਸਰਬੰਸ ਕੁਰਬਾਨੀ ਵਿਚ ਕੀ ਫਰਕ ਏ

ਸਿਰਦਾਰਾਂ ਅਤੇ ਨਚਾਰਾਂ ਵਿਚ ਕੀ ਫਰਕ ਏ? ਜਦੋਂ ਸਾਨੂੰ ਇਸ ਘੁੰਡੀ ਦਾ ਹੀ ਪਤਾ ਨਹੀਂ ਤਾਂ ਸਾਡੀ ਬਹਾਦਰਾਂ ਦੀ ਕੌਮ ਦਾ ਹਾਲ ਤਾਂ ਇਹੀ ਹੋਣਾ ਸੀ ਜੋ ਅੱਜ ਹੈ। ਜਦੋਂ ਸਾਨੂੰ ਗੁਰਦਾਸ ਮਾਨ ਵਰਗੇ ਨਚਾਰ ਸਿੱਖਿਆ ਦੇਣ ਲੱਗ ਪੈਣ ਤਾਂ ਜੁਝਾਰੂਆਂ ਦੀ ਕੌਮ ਨੇ ਥਾਂ-ਥਾਂ ਠੋਕਰਾਂ ਤਾਂ ਖਾਣੀਆਂ ਹੀ ਹੋਈਆਂ। ਨਚਾਰ ਵੀ ਪੈਸੇ ਦੀ ਚਮਕ-ਦਮਕ ਨਾਲ ਕਲਾਕਾਰ ਅਖਵਾਉਣ ਲੱਗ ਪਏ ਅਤੇ ਆਪਣਾ ਰੁਤਬਾ ਬਦਲ ਲਿਆ, ਕੋਈ ਗੱਲ ਨਹੀਂ। ਪਰ ਜਦੋਂ ਯੂਨੀਵਰਸਿਟੀ ਦਾ ਪੜ੍ਹਿਆ-ਲਿਖਿਆ ਲੋਕਾਂ ਨੂੰ ਇਹ ਸਮਝਾਵੇ ਕਿ ਮੇਰੀ ਪਤਨੀ ਦੀ ਗਠੀਏ ਦੀ ਬਿਮਾਰੀ ਮਸਤਾਂ ਦੀ ਨਜ਼ਰ/ਮਿਹਰਬਾਨੀ ਨਾਲ ਹੀ ਠੀਕ ਹੋ ਗਈ ਤਾਂ ਸਿੱਖ ਕੌਮ ਨੂੰ ਬਚਾਉਣ ਵਾਲਾ ਕੋਈ ਨਹੀਂ। ਜਿਸ ਮਸਤ ਨੂੰ ਸਿਵਾਏ ਗਾਲ੍ਹਾਂ ਦੇ ਹੋਰ ਕੁੱਝ ਆਉਂਦਾ ਹੀ ਨਹੀਂ, ਕੱਪੜੇ ਪਾਉਣ ਦਾ ਵੱਲ ਵੀ ਨਹੀਂ, ਆਪਣੇ ਸਰੀਰ ਦੀ ਦੇਖ-ਰੇਖ ਦਾ ਵੀ ਪਤਾ ਨਹੀਂ, ਨਸ਼ਾ ਕਰਦੇ ਦੇ ਦੰਦ ਨਿਕਲ ਗਏ, ਹੱਥਾਂ ਵਿਚ ਚਿਲਮ ਤੇ ਓਹ ਵੀ ਧੁੱਖਦੀ ਨਾਲ ਤੰਬਾਕੂ ਦੇ ਤੇ ਅਖਵਾਵੇ ਆਪਣੇ ਆਪ ਨੂੰ ਤੀਸਰੇ ਪਾਤਸ਼ਾਹ ਦੀ ਬੰਸ ਚੋਂ, ਪਟਿਆਲਾ ਯੂਨੀਵਰਸਿਟੀ ਦਾ ਪੜ੍ਹਿਆ ਬੰਦਾ ਉਸਦੇ ਪੈਰਾਂ ਵਿਚ ਲਿਟ ਜਾਵੇ ਤਾਂ ਫਿਰ ਐਸੇ ਰੋਲ-ਮਾਡਲਾਂ ਨੇ ਆਪਣੇ ਚੇਲਿਆਂ ਨੂੰ ਡੋਬਣਾ ਹੀ ਹੋਇਆ। ਇਸ ਨੇ ਇਕ ਗੀਤ ਗਾਇਆ ਸੀ, " ਸਰਬੰਸ ਦਾਨੀਆਂ ਵੇ ਦੇਣਾ ਕੌਣ ਦੇਊਗਾ ਤੇਰਾ"। ਜੇਕਰ ਯੂਨੀਵਰਸਿਟੀ ਪਟਿਆਲਾ ਦੇ ਐਮ.ਏ ਕਲਾਸਾਂ ਵਾਲਿਆਂ ਨੂੰ ਇਹ ਨਹੀਂ ਪਤਾ ਕਿ "ਸਰਬੰਸਦਾਨੀ" ਤੇ "ਸਰਬੰਸ ਕੁਰਬਾਨੀ" ਵਿਚ ਕੀ ਫਰਕ ਏ ਤਾਂ ਸਾਡਾ ਰੱਬ ਰਾਖਾ।

ਪੰਜਾਬੀ ਬੋਲੀ ਨੂੰ ਗਵਾਰਾਂ ਦੀ ਬੋਲੀ ਦੱਸਣ ਵਾਲੇ ਗੁਰਦਾਸ ਮਾਨ ਦਾ ਹੁਣ ਬਾਹਰਲੇ ਮੁਲਕਾਂ ਵਿਚ ਕਿਸੇ ਨੇ ਮੁੱਲ ਨਹੀਂ ਪਾਉਣਾ। ਇਸੇ ਕਰਕੇ ਸਤਿੰਦਰ ਸਰਤਾਜ ਤੋਂ ਜ਼ਫਰਨਾਮਾ ਗਾਇਨ ਕਰਵਾ ਕੇ ਚਮਕਾਇਆ ਜਾ ਰਿਹਾ ਹੈ। ਪਹਿਲੇ-ਪਹਿਲ ਉਹ ਪੱਗ ਤਾਂ ਬੰਨਦਾ ਸੀ ਪਰ ਵਾਲ ਪਿਛਾਂਹ ਨੂੰ ਲੰਮੇ ਸੁੱਟ ਕੇ, ਕਿਸੇ ਨੇ ਸਮਝਾਇਆ ਹੋਣਾ ਐ ਕਿ ਕਾਕਾ ਜੀ ਅੱਜ ਕੱਲ੍ਹ ਪੰਜਾਬ, ਚਾਹੇ ਚੜ੍ਹਦੇ ਵਾਲਾ ਹੋਵੇ ਚਾਹੇ ਛਿਪਦੇ ਵਾਲਾ, ਸੂਫੀ ਗੀਤਾਂ ਦਾ ਕੋਈ ਬਹੁਤਾ ਮੁੱਲ ਨਹੀਂ ਪਾਉਂਦਾ। ਇਸ ਕਰਕੇ ਆਪਣੀਆਂ ਜਟਾਂ ਸੰਭਾਲ ਕੇ ਚੰਗੀ ਟੂਟੀ ਵਾਲੀ ਪੱਗ ਬੰਨ। ਫਿਰ 'ਦਸਮ ਗ੍ਰੰਥ' ਵਿਚੋਂ ਕੁੱਝ ਚੋਟੀ ਦੀਆਂ ਬਾਣੀਆਂ ਗਾਇਨ ਕਰ। ਗੁਰਦਾਸ ਮਾਨ ਵਾਲਾ ਖਾਲੀ ਥਾਂ ਭਰ ਨਾਲੇ ਆਪਣੀ ਜੇਬ। ਬਹੁਤੇ ਸਿੱਖਾਂ ਨੇ ਬਗੈਰ ਸੋਚੇ ਸਮਝੇ ਆਪਣੀ ਉੱਨ ਲੁਹਾਉਣੀ ਹੀ ਹੁੰਦੀ ਹੈ ਤੇ ਚੁੱਪ-ਚਾਪ ਲਾਹ ਲੈ।

ਮੈਨੂੰ ਡਾ. ਗੰਡਾ ਸਿੰਘ ਹਿਸਟੋਰੀਅਨ ਅਤੇ ਮੇਰੇ ਜਰਮਨ ਦੋਸਤਾਂ ਦੀਆਂ ਗੱਲਾਂ ਯਾਦ ਹਨ ਕਿ ਜੇਕਰ ਕੋਈ ਬੋਲੀ ਸਿੱਖਣੀ ਹੈ ਤਾਂ ਉਸਨੂੰ ਉਸ ਦੇਸ਼ ਵਿਚ ਰਹਿ ਕੇ ਹੀ ਸਿੱਖਿਆ ਜਾ ਸਕਦਾ ਹੈ। ਮੈਂ ਅੱਜ ਵੀ ਜਰਮਨ ਚੰਗੀ ਤਰ੍ਹਾਂ ਪੜ੍ਹ, ਲਿਖ ਤੇ ਬੋਲ ਸਕਦਾ ਹਾਂ ਭਾਵੇਂ ਮੈਂ ਪਿਛਲੇ 35 ਸਾਲਾਂ ਤੋਂ ਜਰਮਨੀ ਵਿਚ ਨਹੀਂ ਹਾਂ ਕਿਉਂਕਿ ਮੈਂ ਤਿੰਨ ਸਾਲ ਜਰਮਨ ਬੋਲੀ ਯੂਨੀਵਰਸਿਟੀ ਵਿਚ ਸਿੱਖੀ ਅਤੇ 11 ਸਾਲ ਹੋਰ ਉਸ ਮੁਲਕ ਵਿਚ ਰਿਹਾ ਹਾਂ। ਇਸੇ ਹੀ ਤਰ੍ਹਾਂ ਡਾ. ਗੰਡਾ ਸਿੰਘ ਜੀ ਨੇ ਪਰਸ਼ੀਅਨ ਕਿਤਾਬਾਂ ਵਿਚੋਂ ਸਿੱਖ ਹਿਸਟਰੀ ਲੱਭਣ ਲਈ ਈਰਾਨ ਵਿਚ ਜਾ ਕੇ ਰਿਹਾਇਸ਼ ਕੀਤੀ। 'ਸ੍ਰੀ ਗੁਰੂ ਨਾਨਕ ਪ੍ਰਕਾਸ਼ ਇਤਹਾਸਕ ਪਰਿਪੇਖ' ਡਾ. ਕਿਰਪਾਲ ਦੀ ਕਿਤਾਬ ਪੜ੍ਹ ਰਿਹਾ ਸੀ। ਪੰਨਾ 40 ਤੇ ਇਕ ਲਫਜ਼ ਨਜ਼ਰੀਂ ਪਿਆ। ਫਾਰਸੀ ਦਾ ਲਫਜ਼ 'ਅਲੁਸ਼' ਗੁਰਮੁਖੀ ਵਿਚ 'ਅਲੂਫਾ' ਬਣ ਗਿਆ ਤੇ ਸਾਨੂੰ ਅਲੂਫਾ ਵੀ ਫਾਰਸੀ ਲੱਗਣੀ ਹੈ ਕਿਉਂਕਿ ਨਾ ਸਾਨੂੰ ਲਫਜ਼ 'ਅਲੁਸ਼' ਦਾ ਪਤਾ ਤੇ ਨਾ ਹੀ 'ਅਲੂਫਾ' ਦਾ। ਜਰਮਨੀ ਵਿਚ ਰਹਿੰਦਿਆਂ ਮੈਂ ਇਹ " ਜ਼ਫਰਨਾਮਾ " ਆਪਣੇ ਨਾਲ ਪੜ੍ਹਦੇ ਈਰਾਨੀ ਵਿਦਿਆਰਥੀਆਂ ਨੂੰ ਪੜ੍ਹ ਕੇ ਸੁਣਾਇਆ ਅਤੇ ਪੁੱਛਿਆ ਕਿ ਜੇ ਤੁਹਾਨੂੰ ਸਮਝ ਪਈ ਤਾਂ ਮੈਨੂੰ ਸਮਝਾਓ ਕਿ ਇਸ "ਜ਼ਫਰਨਾਮੇ" ਦਾ ਮਤਲਬ ਕੀ ਹੈ। ਜਵਾਬ ਵਿਚ ਓਹ ਕਹਿੰਦੇ ਕਿ ਸਾਨੂੰ ਤਾਂ ਇਸ ਦੀ ਸਮਝ ਹੀ ਨਹੀਂ ਪਈ ਕਿ ਤੂੰ ਕੀ ਪੜ੍ਹ ਰਿਹਾਂ ਹੈਂ? ਜੇਕਰ ਸਤਿੰਦਰ ਸਰਤਾਜ ਨੂੰ ਫਾਰਸੀ ਵਾਕਿਆ ਹੀ ਪੜ੍ਹਨੀ ਆਉਂਦੀ ਹੈ ਤਾਂ ਕਹੀ ਜਾਂਦੀ ਭਾਈ ਮਨੀ ਸਿੰਘ ਵਾਲੀ ਦਸਮ ਗ੍ਰੰਥ ਦੀ ਬੀੜ ਤੋਂ ਫਾਰਸੀ ਵਿਚ ਲਿਖਿਆ ਜ਼ਫਰਨਾਮਾ ਹੀ ਪੜ੍ਹ ਕੇ ਗਾਇਨ ਕਰਨਾ ਚਾਹੀਦਾ ਸੀ। 'ਜ਼ਫਰਨਾਮਾ' ਵਿੱਚ ਲਿਖਾਰੀ ਔਰੰਗਜ਼ੇਬ ਨੂੰ ਤਲਵਾਰ ਦਾ ਧਨੀ, ਬਹੁਤ ਸਿਆਣਾ ਅਤੇ ਭਗਵਾਨ ਦਾ ਰੂਪ ਵੀ ਲਿਖਦਾ ਹੈ। ਬੰਦ ਨੰਬਰ 59-64 ਤੱਕ ਲਿਖਾਰੀ ਇਕ ਹਜ਼ਾਰ ਦੇ ਘੋੜੇ ਬਦਲੇ ਸਾਰੀ 'ਬਰਾੜ' ਕੌਮ ਔਰੰਗਜ਼ੇਬ ਦੇ ਹਵਾਲੇ ਕਰਨ ਦੀ ਗੱਲ ਕਰਦਾ ਹੈ ਅਤੇ ਕਦੀ ਭੁੱਖ ਨਾਲ ਲਿਤਾੜੇ ਆਪਣੇ 40 ਸਿੰਘਾਂ ਦੀ ਸ੍ਰੀਰਕ ਕਮਜ਼ੋਰੀ ਦੱਸ ਕੇ ਦਸ ਲੱਖ ਫੌਜ ਨਾਲ ਮੁਕਾਬਲਾ ਨਾ ਕਰ ਸਕਣ ਦੀ ਅਸਮਰੱਥਾ ਵੀ ਜ਼ਾਹਰ ਕਰਦਾ ਹੈ। ਜੇਕਰ ਤੇਰਾ ਹੁਕਮ ਆ ਜਾਵੇ ਤਾਂ ਮੈਂ ਆਪਣੀ ਜਾਨ ਲੈ ਕੇ ਹਾਜ਼ਰ ਹੋ ਸਕਦਾ ਹਾਂ। ਵਾਸਤਵ ਵਿਚ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਨ ਯੋਧੇ ਨਾਲ ਐਸੀਆਂ ਲਿਖਤਾਂ ਮੜਨੀਆਂ ਗੁਰੂ ਜੀ ਦੀ ਸਖਸ਼ੀਅਤ ਨੂੰ ਕਲੰਕਤ ਕਰਨਾ ਹੀ ਕਹਿ ਸਕਦੇ ਹਾਂ। ਸਿੱਖ ਭਰਾਵੋ! ਐਵੇਂ ਨਾ ਫਸੋ ਚਲਾਕੀਆਂ ਵਿਚ, ਅਸਲੀਅਤ ਦੀ ਪਛਾਣ ਕਰੋ।

ਆਓ ਹੁਣ ਗੱਲ ਕਰੀਏ ਅਸਲ ਮੁੱਦੇ ਦੀ, ਅੱਜ ਤੋਂ ਕੋਈ ਚਾਰ ਕੁ ਮਹੀਨੇ ਪਹਿਲਾਂ ਪ੍ਰਿੰਸੀਪਲ ਡਾ. ਦਲਜੀਤ ਸਿੰਘ, ਖਾਲਸਾ ਕੌਲਿਜ ਅੰਮ੍ਰਿਤਸਰ ਦੀ ਇੱਕ ਚਿੱਠੀ ਇੰਟਰਨੈਟ ਤੇ ਪੜ੍ਹਨ ਨੂੰ ਮਿਲੀ। ਕਿਉਂਕਿ ਮੈਂ ਵੀ 67-68 ਵਿਚ ਇਸੇ ਕੌਲਿਜ ਵਿਚ ਪ੍ਰੈਪ ਨਾਨ-ਮੈਡੀਕਲ ਪਾਸ ਕੀਤੀ ਸੀ ਇਸ ਕਰਕੇ ਮਨ ਵਿਚ ਬਹੁਤ ਚਾਓ ਪੈਦਾ ਹੋਇਆ ਕਿ ਇਸ ਚਿੱਠੀ ਨੂੰ ਛੇਤੀ-ਛੇਤੀ ਪੜ੍ਹਾਂ ਕਿ ਕੀ ਲਿਖਿਆ ਹੋਇਆ ਹੈ? ਇਤਨੀ ਵੱਡੀ ਸੰਸਥਾ ਦੇ ਪ੍ਰਿੰਸੀਪਲ ਦਾ ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬੰਸਦਾਨੀ ਲਿਖਿਆ ਪੜ੍ਹ ਕੇ ਬਹੁਤ ਪ੍ਰੇਸ਼ਾਨੀ ਹੋਈ ਕਿ ਸਾਡੀ ਕੌਮ ਦਾ ਕੀ ਬਣੂੰ? ਜਦੋਂ ਸਾਡੇ ਵਿੱਦਿਅਕ ਅਦਾਰਿਆਂ/ਸੰਸਥਾਵਾਂ ਦੇ ਮੋਢੀ ਹੀ ਇਸ ਦੀ ਮਿੱਟੀ ਪੁੱਟ ਰਹੇ ਹਨ। ਮੈਥੋਂ ਰੁਕਿਆ ਨਾ ਗਿਆ ਅਤੇ ਥੱਲੇ ਦਿੱਤੇ ਨੰਬਰ ਤੇ ਕਾਲ ਕਰਕੇ ਜਾਣ-ਪਹਿਚਾਣ ਕਰਾਉਣ ਤੋਂ ਬਾਅਦ ਪੁੱਛ ਹੀ ਲਿਆ। "ਪ੍ਰਿੰਸੀਪਲ ਜੀਓ! ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪ੍ਰੀਵਾਰ, ਪਿਤਾ, ਮਾਤਾ, ਚਾਰ ਸਾਹਿਬਜ਼ਾਦੇ ਅਤੇ ਆਪਣਾ ਆਪ ਕਿਸ ਨੂੰ ਦਾਨ ਕੀਤਾ ਸੀ "? ਕੋਈ ਨਾਮ ਦੱਸ ਸਕਦੇ ਹੋ? ਜਵਾਬ ਸੀ " ਮੈਂ ਤਾਂ ਇਸ ਨੁਕਤੇ ਨੂੰ ਵੀਚਾਰਿਆ ਹੀ ਨਹੀਂ "। ਮੈਂ ਕਿਹਾ ਜੀ " ਤੁਸੀਂ ਐਨੇ ਵੱਡੇ ਅਹੁਦੇ ਤੇ ਹੁੰਦੇ ਹੋਏ ਨਹੀਂ ਵੀਚਾਰਦੇ ਤਾਂ ਮੈਂ ਹੋਰ ਕਿਸੇ ਨੂੰ ਕੀ ਆਖਾਂ? ਪਰ ਉਨ੍ਹਾਂ ਬੜੀ ਹਲੀਮੀ ਨਾਲ ਕਿਹਾ," ਵੀਰ ਜੀਓ! ਅੱਗੇ ਵਾਸਤੇ ਐਸੇ ਲਫਜਾਂ ਦਾ ਖਿਆਲ ਰੱਖਾਂਗਾ"। ਇਹ ਡਾ. ਦਲਜੀਤ ਸਿੰਘ ਪਟਿਆਲਾ ਯੂਨੀਵਸਿਟੀ ਵਾਲੇ ਡਾ. ਦਲਜੀਤ ਸਿੰਘ ਵਾਲੀਆ ਜੀ ਨਹੀਂ ਹਨ।

ਮਹਾਨ ਕੋਸ਼ ਦੇ ਪੰਨਾ 628 ਤੇ ਜਦੋਂ ਮੈਂ ਦਾਨ ਲਫਜ਼ ਦੇ ਮਤਲਬ ਦੇਖਦਾ ਹਾਂ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ "ਸਰਬੰਸਦਾਨੀ" ਨਾ ਹੋ ਕੇ "ਸਰਬੰਸ ਕੁਰਬਾਨੀ" ਸਾਬਤ ਹੁੰਦਾ ਹੈ। ਦਾਨ ਦਾ ਮਤਲਬ ਹੈ ਮੁਫਤ ਵਿਚ ਕੁੱਝ ਮਿਲਣਾ।" ਸਹੰਸਰ ਦਾਨ ਦੇ ਇੰਦ੍ਰ ਰੋਆਇਆ" ਵਾਰ ਰਾਮਕਲੀ ਮ:1 ॥ ਪੰਨਾ 953॥ ਇੰਦਰ ਦੇ ਹਿੰਦੂ-ਮਿੱਥ ਅਨੁਸਾਰ ਸਰਾਪ ਦੇ ਰੂਪ ਵਿਚ ਇਸਤ੍ਰੀ ਭਗ ਦੇ ਹਜ਼ਾਰ ਨਿਸ਼ਾਨ ਸ਼ਰੀਰ ਤੇ ਹੋ ਗਏ। ਰਾਜ ਨੀਤੀ ਦਾ ਇਕ ਅੰਗ, ਕੁੱਝ ਦੇ ਕੇ ਵੈਰੀ ਨੂੰ ਵਸ਼ ਕਰਨ ਦਾ ਉਪਾਓ। ਇਹ ਅਰਥ ਵੀ ਢੁਕਦੇ ਨਹੀਂ ਕਿਉਂਕਿ ਗੁਰੂ ਜੀ ਔਰੰਗਜ਼ੇਬ ਨੂੰ ਵੱਸ ਵਿਚ ਨਹੀਂ ਕਰਨਾ ਚਾਹੁੰਦੇ।ਤੇਰੀਆ ਸਦਾ ਸਦਾ ਚੰਗਿਆਈਆਂ ॥ ਮੈ ਰਾਤਿ ਦਿਹੈ ਵਡਿਆਈਆਂ ॥ ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ॥ {ਪੰਨਾ 73} ਹੇ ਪ੍ਰਭੂ! ਤੇਰੇ ਸਦਾ ਕਾਇਮ ਰਹਿਣ ਵਾਲੇ ਗੁਣ, ਤੇਰੀ ਮਿਹਰ ਨਾਲ, ਮੈਂ ਦਿਨੇ ਰਾਤ ਸਾਂਭ ਕੇ ਰੱਖਦਾ ਹਾਂ। ਗੁਰੂ ਨਾਨਕ ਜੀ ਕਹਿੰਦੇ ਹਨ ਪ੍ਰਭੂ ਸਾਡੇ ਮੰਗਣ ਤੋਂ ਬਿਨਾਂ ਹੀ ਹਰੇਕ ਦਾਤਿ ਦੇਈ ਜਾ ਰਿਹਾ ਹੈ ਅਤੇ ਸਾਨੂੰ ਉਸ ਪ੍ਰਮਾਤਮਾ ਦੇ ਸੱਚੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾਉਣਾ ਚਾਹੀਦਾ ਹੈ।

ਮਹਾਨ ਕੋਸ਼ ਦੇ ਪੰਨਾ 342 ਤੇ ਕੁਰਬਾਨ ਦੇ ਮਤਲਬ ਹਨ 'ਨਿਛਾਵਰ ਕਰਨਾ', ਸਦਾ ਸਦਾ ਜਾਈਐ ਕੁਰਬਾਨ। ਆਪਣੇ ਸਿਧਾਂਤ ਤੇ ਡਟੇ ਰਹਿਣਾ ਚਾਹੇ ਜਿੰਦ-ਜਾਨ ਚਲੀ ਜਾਏ ਇਸ ਨੂੰ ਕੁਰਬਾਨੀ ਆਖਦੇ ਹਨ ਦਾਨ ਨਹੀਂ। ਸਿੱਖਾਂ ਨੂੰ ਇੱਕ ਇੱਕ ਗਲਤ ਅੱਖਰ ਸਿਖਾ ਕੇ ਆਪਣੇ ਸਿਧਾਂਤ ਨਾਲੋਂ ਤੋੜ ਦਿੱਤਾ ਅਤੇ ਪਤਾ ਵੀ ਨਹੀਂ ਲੱਗਣ ਦਿੱਤਾ। ਅਸੀਂ ਘੱਟ ਗਿਣਤੀ ਹੋਣ ਦੇ ਨਾਤੇ ਹਰ ਹਰਬੇ ਬਹੁ-ਗਿਣਤੀ ਨੂੰ ਖੁਸ਼ ਕਰਨ ਲਈ ਕੋਈ ਮੌਕਾ ਹੱਥੋਂ ਜਾਣ ਨਹੀਂ ਦਿੰਦੇ। ਜਿਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਕਵੀ ਸੈਨਾਪਤੀ ਗੁਰ ਸੋਭਾ ਗ੍ਰੰਥ ਵਿਚ ਲਿਖਦਾ ਹੈ, " ਪ੍ਰਗਟ ਭਏ ਗੁਰ ਤੇਗ ਬਹਾਦਰ। ਸਗਲ ਸ੍ਰਿਸ਼ਟ ਪੈ ਢਾਕੀ ਚਾਦਰ"। ਬਹੁ ਗਿਣਤੀ ਨੂੰ ਖੁਸ਼ ਕਰਨ ਲਈ ਸਾਡੇ ਪ੍ਰਚਾਰਕਾਂ ਨੇ "ਹਿੰਦ ਦੀ ਚਾਦਰ" ਬਣਾ ਧਰਿਆ ਤੇ ਅਸੀਂ ਚੁੱਪ ਕਰ ਗਏ। ਮੇਰੀ ਬੇਨਤੀ ਹੈ ਕਿ "ਸਰਬੰਸਦਾਨੀ" ਨਹੀਂ "ਸਰਬੰਸ ਦੀ ਕੁਰਬਾਨੀ" ਹੈ ਪਰ ਫਿਰ ਵੀ ਚੜ੍ਹਦੀ ਕਲਾ ਹੈ। 1971 'ਚ ਪਾਕਿਸਤਾਨੀ ਜਰਨੈਲ ਨਿਆਜ਼ੀ ਨੇ 75-95,000 ਹਥਿਆਰ ਬੰਦ ਫੌਜ ਦੇ ਹੁੰਦਿਆਂ-ਸੁੰਦਿਆਂ ਵੀ ਜਰਨੈਲ ਜਗਜੀਤ ਸਿੰਘ ਅਰੋੜਾ ਕੋਲ ਆਤਮ ਸਮਰਪਨ ਕਰ ਦਿੱਤਾ ਸੀ। ਪਰ ਗੁਰੂ ਜੀ ਕੋਲ ਚਮਕੌਰ ਦੇ ਜੰਗ ਤੋਂ ਬਾਅਦ ਸਿਰਫ ਚਾਰ-ਪੰਜ ਸਿੱਖ ਹੀ ਹਨ ਤੇ ਉਹ ਵੀ ਭੁੱਖਣ-ਭਾਣੇ। ਆਪਣੀ ਜਾਨ ਤੋਂ ਵੱਧ ਪਿਆਰੇ ਸਿੱਖਾਂ ਦੀ ਸ਼ਹਾਦਤ ਅਤੇ ਆਪਣੇ ਦੋ ਵੱਡੇ ਪੁੱਤਰਾਂ ਦੀ ਕੁਰਬਾਨੀ ਤੋਂ ਬਾਅਦ ਵੀ ਆਤਮ ਸਮਰਪਨ ਨਹੀਂ ਕੀਤਾ। ਸਰਬੰਸਦਾਨੀ ਨਹੀਂ, ਯਾਦ ਰੱਖੋ ਸਰਬੰਸ ਦੀ ਕੁਰਬਾਨੀ ਹੈ ਦੇਣ ਵਾਲੇ ਨੂੰ?-ਗੁਰੂ ਦੇ ਪੰਥ ਦਾ ਦਾਸ,

**ਗੁਰਚਰਨ ਸਿੰਘ 647 966 3132**




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

21 ਦਸੰਬਰ, ਦਿਨ ਬੁੱਧਵਾਰ.......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

24 ਦਸੰਬਰ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਲੰਗਰ ਦੀ ਸੇਵਾ ਗਿਆਨੀ ਸੁਰਿੰਦਰ ਸਿੰਘ ਅਤੇ ਪਰਿਵਾਰ ਵਲੋਂ ਹੋਵੇਗੀ।

25 ਦਸੰਬਰ, ਦਿਨ ਐਤਵਾਰ......ਸਵੇਰੇ 9:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।

30 ਦਸੰਬਰ, ਦਿਨ ਸ਼ੁੱਕਰਵਾਰ.....ਸਵੇਰੇ 10:00 ਵਜੇ ਚੌਹਾਂ ਸਾਹਿਬਜਾਦਿਆਂ ਦਾ ਸਹੀਦੀ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ ਜਿਨ੍ਹਾਂ ਦੇ ਭੋਗ 1 ਜਨਵਰੀ 2023 ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ। ਇਸ ਪੁਰਬ ਦੀ ਸੇਵਾ ਭਾਈ ਕੁਲਦੀਪ ਸਿੰਘ ਦੇਹਲ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ।

31 ਦਸੰਬਰ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਲੰਗਰ ਦੀ ਸੇਵਾ ਭਾਈ ਹਰਵਿੰਦ ਸਿੰਘ ਪੋਆਰ ਅਤੇ ਪਰਿਵਾਰ ਵਲੋਂ ਹੋਵੇਗੀ।

31 ਦਸੰਬਰ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿਚ 7:00 ਵਜੇ ਤੋਂ 12:00 ਵਜੇ ਤੱਕ ਕੀਰਤਨ ਹੋਵੇਗਾ, ਇਸ ਸਮੇਂ ਤੇ ਲੰਗਰ ਦੀ ਸੇਵਾ ਬੀਬੀ ਕਸ਼ਮੀਰ ਕੌਰ ਰਾਏ ਅਤੇ ਪਰਿਵਾਰ ਵਲੋਂ ਹੋਵੇਗੀ।

1 ਜਨਵਰੀ, ਦਿਨ ਐਤਵਾਰ......ਸਵੇਰ ਨੂੰ 9:00 ਵਜੇ ਤੋਂ ਸ਼ਾਮ ਦੇ 8:00 ਵਜੇ ਤੱਕ ਕੀਰਤਨ ਹੋਵੇਗਾ ਅਤੇ ਲੰਗਰ ਵੀ ਹੋਵੇਗਾ।

3 ਜਨਵਰੀ, ਦਿਨ ਮੰਗਲਵਾਰ....ਸ਼ਾਮ ਨੂੰ 6:00 ਵਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਉਪਰੰਤ ਪਾਠ ਅਰੰਭ ਹੋਣਗੇ, ਜਿਨ੍ਹਾਂ ਦੇ ਭੋਗ 5:00 ਜਨਵਰੀ, ਦਿਨ ਵੀਰਵਾਰ ਸ਼ਾਮ ਨੂੰ 6:00 ਵਜੇ ਪਾਏ ਜਾਣਗੇ ਉਪਰੰਤ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੈਂਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events










Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:

Mon-Fri: 8am to 6pm

Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca

Web:www.peacefurniture.ca